# ਖ਼ਾਲਸੇ ਤੋਂ ਭਾਰਤੀ ਬਨਣ ਦਾ ਅਮਲ: ਬ੍ਰਿਟਿਸ਼ ਕਾਲ ਦੌਰਾਨ ਸਿੱਖਾਂ ਵਿੱਚ ਨੇਸ਼ਨ-ਸਟੇਟ ਸਬੰਧੀ ਸਿਧਾਂਤਕ ਅਤੇ ਵਿਹਾਰਕ ਚੇਤਨਾ ਦੀ ਅਣਹੋਂਦ

ਜਸਵੀਰ ਸਿੰਘ (ਡਾ.)[1] ਪਰਗਟ ਸਿੰਘ (ਡਾ.)[2]

## ਸਾਰ

'ਭਾਸ਼ਾ' ਇਕ ਰਾਸ਼ਟਰ-ਨਿਰਮਾਣ ਲਈ ਕੇਂਦਰੀ ਹੈ, ਜੋ ਕਿ ਸਾਨੂੰ ਇੱਕ ਰਾਸ਼ਟਰ ਦੇ ਨਾਗਰਿਕ, ਅਸਲ ਵਿੱਚ, ਵਿਸ਼ਵ ਨਾਗਰਿਕ ਵਜੋਂ ਦੇਖਣ ਦੇ ਤਰੀਕੇ ਨੂੰ ਪ੍ਰਭਾਵਿਤ ਕਰਦੀ ਹੈ। ਖਾਲਸਾ ਜੀ ਨੇ ਆਪਣੀ ਯੋਗਤਾ ਨਾਲ ਰਾਜ ਭਾਗ ਕਾਇਮ ਕਰ ਲਿਆ। ਪੰਜਾਬੀ ਭਾਸ਼ਾ ਨੂੰ ਗੁਰਮੁਖੀ ਅੱਖਰਾਂ ਦੁਆਰਾ ਮਨੁੱਖ ਦੀ ਮਾਨਸਿਕ ਅਤੇ ਅਧਿਆਤਮਕ ਵਿਕਾਸ ਲਈ ਪੂਰੀ ਤਰ੍ਹਾਂ ਸਫਲਤਾ ਨਾਲ ਵਰਤਿਆ। ਹਰ ਖੇਤਰ ਵਿਚ ਉਚ ਵਿਦਿਆ ਦੇ ਵਿਸਤਾਰ ਲਈ ਯੋਗ ਮਾਲੀ ਮਦਦ ਦਾ ਪ੍ਰਬੰਧ ਕੀਤਾ। ਪਰੰਤੂ ਉਸ ਵੇਲੇ ਇਕ ਨਵੀਂ ਸਿਆਸੀ ਵੀਚਾਰਧਾਰਾ ਨੂੰ ਸਮਝਣ ਵਿਚ ਪੂਰੀ ਤਰ੍ਹਾਂ ਅਸਫ਼ਲ ਰਹੇ। ਸਗੋਂ ਉਸ ਵੀਚਾਰਧਾਰਾ ਦੇ ਉਲਟ ਗਏ। ਜਿਸ ਕਰਕੇ ਪੰਜਾਬ ਦੀ ਰਾਸ਼ਟਰੀ ਭਾਸ਼ਾ ਨੂੰ ਵਧਣਫੁਲਣ ਦਾ ਮੌਕਾ ਹੀ ਨਹੀਂ ਮਿਲਿਆ। ਜਦੋਂ ਕੌਮ ਆਜ਼ਾਦ ਹੁੰਦੀ ਹੈ ਆਪਣੀ ਪਛਾਣ ਅਤੇ ਆਪਣੇ ਪਿਛਲੇ ਸ਼ਾਸਕ ਦੀ ਪਛਾਣ ਦੇ ਵਿਚਕਾਰ ਵੱਖਰਾ ਬਣਾਉਣ ਦੀ ਕੋਸ਼ਿਸ਼ ਕਰਦੀ ਹੈ। ਭਾਸ਼ਾ ਇਸ ਪ੍ਰਕਿਰਿਆ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦੀ ਹੈ। ਪਰਤੂੰ ਪੰਜਾਬੀ ਦੇ ਮਾਲਕ ਅਤੇ ਪੰਜਾਬੀ ਭਾਸ਼ਾ ਦੋਨੋਂ ਫਿਰ ਗੁਲਾਮ ਹੋ ਗਏ। ਸਬੂਤ ਲਈ ਇਨ੍ਹਾਂ ਹੀ ਕਾਫੀ ਹੈ ਕਿ ਪੰਜਾਬੀ ਭਾਸ਼ਾ ਐਕਟ ੧੯੬੭ ਮੌਜੂਦ ਹੋਣ ਦੇ ਬਾਵਜੂਦ ਵੀ ਪੰਜਾਬੀ ਰਾਜ ਭਾਸ਼ਾ ਨਹੀਂ ਬਣ ਸਕੀ। ਇਸ ਪੇਪਰ ਵਿਚ ਅਸੀਂ ਸਿਖ ਈਲੀਟ ਵਲੋਂ ਭਾਸ਼ਾ ਅਤੇ ਰਾਸ਼ਟਰਵਾਦ ਦੇ ਮਸਲੇ ਨੂੰ ਸੁਲਝਾਉਣ ਵਿਚ ਫੇਲ ਹੋਣ ਦੇ ਕਾਰਣ ਲਭਾਂਗੇ। ਇਕ ਮੁਖ ਕਾਰਨ ਹੈ ਖਾਲਸਾ ਜੀ ਦਾ ਆਪਣੇ ਆਪ ਨੂੰ ਭਾਰਤੀਕਰਣ ਹੋਣ ਦੇਣਾ।

## 1 ਜਾਣ ਪਛਾਣ

1849 ਵਿੱਚ ਸਿੱਖ ਰਾਜ ਦੇ ਖ਼ਾਤਮੇ ਤੋਂ ਬਾਅਦ ਅੰਗਰੇਜ਼ਾਂ ਦੇ ਪੰਜਾਬ ਦੀ ਸੱਤਾ ਉੱਤੇ ਕਾਬਜ਼ ਹੋਣ ਕਰਕੇ ਸਿੱਖ ਕੌਮ ਪਹਿਲੀ ਵਾਰ ਯੂਰਪੀਅਨ ਰਾਜਨੀਤਿਕ ਪ੍ਰਣਾਲੀ ਦੇ ਸਿੱਧੇ ਸੰਪਰਕ ਵਿੱਚ ਆਈ ਪਰ ਅੰਗਰੇਜ਼ਾਂ ਨੇ ਈਸਟ ਇੰਡੀਆ ਕੰਪਨੀ ਦੀ ਅਗਵਾਈ ਵਿੱਚ ਬੰਗਾਲ ਦੇ ਨਵਾਬ ਨੂੰ 1757 ਵਿੱਚ ਲਾਂਭੇ ਕਰਕੇ ਆਪਣਾ ਕਠਪੁਤਲੀ ਨਵਾਬ ਥਾਪ ਦਿੱਤਾ ਸੀ। 1770 ਤੋਂ ਬਾਅਦ ਬ੍ਰਿਟਿਸ਼ ਪਾਰਲੀਮੈਂਟ ਨੇ ਇੰਡੀਅਨ ਐਕਟ ਦੇ ਹੇਠ ਈਸਟ ਇੰਡੀਆ ਕੰਪਨੀ ਦੇ ਪ੍ਰਸ਼ਾਸਨ ਨੂੰ ਅਸਿੱਧੇ ਤੌਰ ’ਤੇ ਆਪਣੇ ਅਧੀਨ ਕਰ ਲਿਆ। ਇਸ ਤੋਂ ਬਾਅਦ ਦੇ ਅੱਠ ਦਹਾਕਿਆਂ ਵਿੱਚ ਅੰਗਰੇਜ਼ ਤਾਕਤ ਨੇ ਜੰਗਾਂ, ਸੰਧੀਆਂ ਅਤੇ ਰਲੇਵਿਆਂ ਦੁਆਰਾ ਪੂਰੇ ਭਾਰਤੀ ਉਪ ਮਹਾਂਦੀਪ ਨੂੰ ਬ੍ਰਿਟਿਸ਼ ਰਾਜ ਦੇ ਅਧੀਨ ਕਰ ਲਿਆ। 2 ਅਗਸਤ 1858 ਨੂੰ ਗੋਵਰਨਮੈਂਟ ਆਫ਼ ਇੰਡੀਆ ਐਕਟ ਦੇ ਅਧੀਨ ਪੂਰੇ ਭਾਰਤੀ ਉਪ ਮਹਾਂਦੀਪ ਨੂੰ ਇੰਡੀਆ ਨਾਂ ਹੇਠ ਈਸਟ ਇੰਡੀਆ ਕੰਪਨੀ ਦੇ ਪ੍ਰਬੰਧ ਤੋਂ ਕੱਢ ਕੇ ਬ੍ਰਿਟਿਸ਼ ਰਾਜਸ਼ਾਹੀ ਦਾ ਹਿੱਸਾ ਬਣਾ ਲਿਆ ਗਿਆ। ਮਹਾਰਾਜਾ ਰਣਜੀਤ ਸਿੰਘ ਵੱਲੋਂ ਸਿਰਜੀ ਗਈ ਤਾਕਤਵਰ ਫ਼ੌਜ ਬਿਹਤਰ ਰਾਜਸੀ ਅਗਵਾਈ ਦੀ ਅਣਹੋਂਦ ਕਰਕੇ ਅੰਗਰੇਜ਼ ਫ਼ੌਜ ਤੋਂ ਹਾਰ ਗਈ।

[1] ਖੋਜ ਨਿਰਦੇਸ਼ਕ, ਸਿੱਖ ਐਜੂਕੇਸ਼ਨ ਕੌਂਸਲ, JasvirSingh@TheSikhway.com

[2] ਚੇਅਰਪਰਸਨ, ਸਿੱਖ ਐਜੂਕੇਸ਼ਨ ਕੌਂਸਲ, ਯੂ ਕੇ. ਸੰਪਾਦਕ-ਇਨ-ਚੀਫ਼, ਇੰਟਰਨੈਸ਼ਨਲ ਜਰਨਲ ਆਫ਼ ਸਿੱਖ ਸਟੱਡੀ PargatSingh@TheSikhway.com

ਇਸ ਦੇ ਸਿੱਟੇ ਵਜੋਂ ਸਿੱਖ ਕੌਮ ਅੰਗਰੇਜ਼ਾਂ ਵੱਲੋਂ ਸਿਰਜੇ "ਮਸਨੂਈ ਸ਼ਾਸਕੀ ਪ੍ਰਬੰਧ" ਦਾ ਹਿੱਸਾ ਬਣ ਗਏ। ਅੰਗਰੇਜ਼ਾਂ ਵੱਲੋਂ ਸਿਰਜਿਆ ਇੰਡੀਆ ਦਾ ਪ੍ਰਸ਼ਾਸਨਿਕ ਪ੍ਰਬੰਧ ਮੁਗਲ ਮਾਡਲ ਤੋਂ ਬਿਲਕੁਲ ਵੱਖਰਾ ਸੀ। ਅੰਗਰੇਜ਼ਾਂ ਵੱਲੋਂ ਖਾਸ ਕਰਕੇ "ਵਿਦਿਅਕ ਪ੍ਰਬੰਧ" ਨੂੰ ਬ੍ਰਿਟਿਸ਼ ਵਿਦਿਅਕ ਪ੍ਰਬੰਧ ਦੇ ਰੂਪ ਵਿੱਚ ਵਿਕਸਤ ਕਰਨ ਅਤੇ ਕਾਨੂੰਨੀ ਤੇ ਫ਼ੌਜੀ ਪ੍ਰਬੰਧ ਨੂੰ ਸੰਗਠਿਤ ਰੂਪ ਦੇਣ ਦੇ ਸਿੱਟੇ ਵਜੋਂ ਖਾਸ ਕਰਕੇ ਬੰਗਾਲ ਵਿਚਲੇ ਹਿੰਦੂ ਇਲੀਟ ਹਿੱਸੇ ਵਿੱਚ **ਕੌਮੀ ਭਾਵਨਾਵਾਂ** ਦਾ ਪੁੰਗਰਨਾ ਸ਼ੁਰੂ ਹੋ ਗਿਆ ਸੀ। ਅੰਗਰੇਜ਼ਾਂ ਨੇ 1800 ਈ. ਵਿੱਚ *ਫੋਰਟ ਵਿਲਿਅਮ ਕਾਲਜ* ਕਲਕੱਤੇ ਵਿੱਚ ਖੋਲ੍ਹ ਦਿੱਤਾ ਸੀ। ਈਸਟ ਇੰਡੀਆ ਕੰਪਨੀ ਨੇ ਆਪਣੇ ਗੈਰ ਫ਼ੌਜੀ ਅੰਗਰੇਜ਼ ਕਾਰਕੁੰਨਾਂ ਨੂੰ ਫਾਇਦਾ ਦੇਣ ਦੀ ਨੀਤੀ ਹੇਠ ਪ੍ਰੋਫੈਸਰ ਜੋਹਨ ਗਿੱਲ ਕ੍ਰਾਈਸਟ ਨੂੰ ਇਸ ਕਾਲਜ ਵਿੱਚ *ਹਿੰਦੁਸਤਾਨੀ ਭਾਸ਼ਾ* ਦਾ ਅਧਿਆਪਕ ਲਾਇਆ ਗਿਆ। ਉਸ ਦੀ ਅਗਵਾਈ ਵਿੱਚ ਹਿੰਦੁਸਤਾਨੀ ਭਾਸ਼ਾ ਨੂੰ ਕੁਝ ਦੇਰ *ਪਰਸ਼ੋ ਅਰਬਿਕ ਲਿਪੀ* ਵਿੱਚ ਪੜ੍ਹਾਇਆ ਗਿਆ ਪਰ ਪ੍ਰੋਫੈਸਰ ਗਿੱਲ ਕ੍ਰਾਈਸਟ **ਹਿੰਦਵੀ ਜਾਂ ਭਾਖਾ** ਨੂੰ ਹਿੰਦੂ ਪਰੰਪਰਾਵਾਂ ਅਤੇ ਸੱਭਿਆਚਾਰ ਦੀ ਸਮਝ ਲਈ ਬਿਹਤਰ ਸਮਝਦਾ ਸੀ। ਇਸ ਕਰਕੇ ਉਸ ਨੇ ਇੱਕ ਹਿੰਦੀ ਵਿਦਵਾਨ *ਲਾਲੂ ਜੀ ਲਾਲ* ਨੂੰ ਭਾਖਾ ਮੁਨਸ਼ੀ ਵਜੋਂ ਭਰਤੀ ਕੀਤਾ, ਜਿਸ ਨੇ *ਨਾਗਰੀ ਲਿਪੀ* ਵਿੱਚ ਪਹਿਲਾ(ਵੱਡਾ) ਕਾਰਜ ਕੀਤਾ। ਇਸ ਕਿਤਾਬ ਦਾ ਨਾਂ *ਪ੍ਰੇਮ ਸਾਗਰ* ਸੀ। ਨਾਗਰੀ ਲਿਪੀ ਵਿੱਚ ਲਿਖੀ ਗਈ ਇਸ ਕਿਤਾਬ ਅਤੇ ਕੁਝ ਹੋਰ ਕਿਤਾਬਾਂ ਨੇ ਹਿੰਦੀ ਲਹਿਰ ਦਾ ਮੁੱਢ ਬੰਨਿਆ, ਜਿਸ ਨੇ ਭਾਰਤੀ ਹਿੰਦੂ ਰਾਸ਼ਟਰਵਾਦੀਆਂ ਨੂੰ *ਭਾਸ਼ਾ ਦੀ ਕੌਮ ਅਤੇ ਰਾਸ਼ਟਰ* ਸਿਰਜਣ ਲਈ ਵਰਤੋ ਦਾ ਮੁੱਢਲਾ ਵਿਚਾਰ ਦਿੱਤਾ[1]। ਸਿੱਖ ਇੱਕ ਭਾਸ਼ਾਈ ਸਮੂਹ ਦੇ ਆਧਾਰ 'ਤੇ **ਕੌਮ ਸਿਰਜਣ** ਦੇ ਅਮਲ ਅਤੇ ਚੇਤਨਾ ਤੋਂ ਪੂਰੇ ਬ੍ਰਿਟਿਸ਼ ਕਾਲ ਦੌਰਾਨ ਵਾਂਝੇ ਰਹੇ। ਇਸ ਸੰਦਰਭ ਵਿੱਚ ਇਹ ਸੁਆਲ ਉਭਾਰਿਆ ਜਾ ਸਕਦਾ ਹੈ ਕਿ **ਸਿੱਖ ਬੌਧਿਕ ਇਲੀਟ** ਹਿੱਸੇ ਨੇ 1770 ਈ. ਵਿੱਚ ਭਾਰਤੀ ਉਪ ਮਹਾਂਦੀਪ ਵਿੱਚ ਪੈਰ ਜਮਾਂ ਚੁੱਕੇ ਅੰਗਰੇਜ਼ੀ ਰਾਜ ਅਤੇ ਖਾਸ ਕਰਕੇ ਯੂਰਪ ਵਿਚਲੇ ਨੇਸ਼ਨ ਸਟੇਟ ਦੇ ਰਾਜਸੀ ਮਾਡਲ ਦਾ ਅਧਿਐਨ ਕਿਉਂ ਨਹੀਂ ਕੀਤਾ? ਬ੍ਰਿਟਿਸ਼ ਰਾਜ ਦੌਰਾਨ **ਸਿੱਖ ਬੌਧਿਕ** ਹਿੱਸਾ ਕਿਹੋ ਜਿਹੀ ਬੌਧਿਕ ਅਤੇ ਵਿਦਿਅਕ ਸਰਗਰਮੀ ਕਰ ਰਿਹਾ ਸੀ, ਜਿਸ ਨੇ *ਨੇਸ਼ਨ-ਸਟੇਟ* ਦੇ ਯੂਰੋਪੀਅਨ ਮਾਡਲ ਵੱਲ ਇਸ ਦਾ ਧਿਆਨ ਹੀ ਨਹੀਂ ਜਾਣ ਦਿੱਤਾ? ਬ੍ਰਿਟਿਸ਼ ਰਾਜ ਦੌਰਾਨ ਸਿੱਖ ਰਾਜਨੀਤੀ ਦੀ ਇਤਿਹਾਸਕਾਰੀ ਵਿੱਚ *ਨੇਸ਼ਨ-ਸਟੇਟ* ਦਾ ਪੱਖ ਗੈਰ ਹਾਜ਼ਰ ਹੈ। ਇਥੋਂ ਤਕ ਕਿ ਮੌਜੂਦਾ ਸਮੇਂ ਵਿਚ ਵੀ *ਨੇਸ਼ਨ-ਸਟੇਟ* ਦੇ ਵਰਤਾਰੇ ਸਬੰਧੀ ਸਿੱਖ ਹਲਕਿਆਂ ਵਿਚ ਕੋਈ *ਬੱਝਵੀਂ ਖੋਜ* ਸਾਹਮਣੇ ਨਹੀਂ ਆਉਂਦੀ। ਇਸ ਪਰਚੇ ਵਿਚ ਯੂਰਪੀ *ਨੇਸ਼ਨ-ਸਟੇਟ* ਅਤੇ ਖਾਸ ਕਰਕੇ ਇੰਗਲੈਂਡ ਵਿਚਲੀ *ਨੇਸ਼ਨ-ਸਟੇਟ* ਬਾਰੇ ਵਿਚਾਰ ਕਰਕੇ ਬ੍ਰਿਟਿਸ਼ ਕਾਲ ਦੌਰਾਨ ਸਿੱਖ ਬੌਧਿਕ ਹਿੱਸਿਆਂ ਵੱਲੋਂ *ਨੇਸ਼ਨ-ਸਟੇਟ* ਦੇ ਸਿਧਾਂਤਕ ਅਤੇ ਵਿਹਾਰਕ ਵਿਗਾਸ ਬਾਰੇ ਲਗਭਗ ਅਣਗੌਲਿਆ ਰਹਿਣ ਦੇ ਸਿੱਖ ਰਾਜਨੀਤੀ 'ਤੇ ਪਏ ਅਸਰ ਬਾਰੇ ਇੱਕ ਸਮਝ ਉਸਾਰਨ ਦਾ ਯਤਨ ਕੀਤਾ ਗਿਆ ਹੈ ਤਾਂ ਕਿ ਇਸ ਵਿਸ਼ੇ ਨੂੰ ਸਿੱਖ ਇਤਿਹਾਸਕਾਰੀ ਦਾ ਹਿੱਸਾ ਬਣਾਇਆ ਜਾ ਸਕੇ।

## 2 ਵਿਸ਼ਾ, ਸਰਵੇਖਣ ਅਤੇ ਭਾਵੀ ਨਤੀਜੇ: ਨੇਸ਼ਨ ਸਟੇਟ ਦਾ ਸਿੱਧਾਂਤ ਅਤੇ ਵਿਹਾਰਕ ਵਿਗਾਸ

ਨੇਸ਼ਨ (ਕੌਮ) ਅਤੇ ਸਟੇਟ (ਰਾਜ), ਸੱਤਾ ਦੇ ਦੋ ਅਜਿਹੇ ਪ੍ਰਬੰਧ ਹਨ, ਜੋ ਮੌਜੂਦਾ ਆਧੁਨਿਕ ਰਾਜਨੀਤਿਕ ਸੰਗਠਨ ਦੀ ਸਿਰਜਣਾ ਕਰਦੇ ਹਨ। ਨੇਸ਼ਨ ਦੀਆਂ ਜੜਾਂ ਮਨੁੱਖੀ ਭਾਈ ਚਾਰਿਆਂ ਨਾਲ ਜੁੜੀਆਂ ਹੋਈਆਂ ਹਨ, ਜੋ ਕਿ ਰਾਜ ਦੀ ਸਿਰਜਣ ਤੋਂ ਪਹਿਲਾਂ ਹੋਂਦ ਵਿਚ ਆ ਚੁੱਕੇ ਸਨ। ਪ੍ਰੰਤੂ ਰਾਜ ਇੱਕ ਰਾਜਨੀਤਿਕ ਅਤੇ ਖੇਤਰ ਨਾਲ ਜੁੜੀ ਹੋਈ ਧਾਰਨਾ ਹੈ। ਮੌਜੂਦਾ ਰਾਜ, ਧਰਤੀ ਦੇ ਵੱਖ ਵੱਖ ਹਿੱਸਿਆ 'ਤੇ ਸ਼ਾਸਨ ਕਰਨ ਵਾਲੇ ਸੰਗਠਨਾਂ ਦਾ ਸਮੂਹ ਹੈ। ਮੌਜੂਦ ਨੇਸ਼ਨ, ਇਤਿਹਾਸਕ ਭਾਈਚਾਰੇ ਦੀ ਭਾਵਨਾ ਹੈ ਜੋ ਕਿਸੇ ਖਾਸ ਮਾਤਭੂਮੀ ਨਾਲ ਜੁੜੀ ਹੁੰਦੀ ਹੈ[2]। ਨੇਸ਼ਨ ਦੀ ਧਾਰਨਾ ਨੇ *ਮਨੁੱਖੀ ਭਾਈਚਾਰੇ* ਦੀ ਭਾਵਨਾ ਦੇ ਵਿਗਾਸ ਅਮਲ ਨੂੰ ਸਾਂਝੇ ਜਨਮ, ਸਾਂਝੀ ਇਤਿਹਾਸਕ ਅਤੇ ਸੱਭਿਆਚਾਰਕ ਪਛਾਣ, ਇਤਿਹਾਸ ਅਤੇ ਸਾਂਝੇ **ਜਨਮਦਾਤੇ** ਦੀਆਂ ਧਾਰਨਾਵਾਂ ਨਾਲ ਵੀ ਜੋੜ ਦਿੱਤਾ ਹੈ। ਸਾਂਝੇ ਜਨਮ ਅਤੇ ਸਾਂਝੇ ਜਨਮਦਾਤੇ ਦੀ

ਭਾਵਨਾ ਨੇਸ਼ਨ ਨੂੰ ਧਰਤੀ ਦੇ ਇੱਕ ਖਾਸ ਖ਼ਿੱਤੇ ਨਾਲ ਜੋੜ ਦਿੰਦੀ ਹੈ, ਜਿਥੇ ਨੇਸ਼ਨ ਦੇ ਜਨਮਦਾਤੇ ਨੇ ਜਨਮ ਲਿਆ ਹੁੰਦਾ ਹੈ[3]। ਇਸ ਤਰਾਂ ਨੇਸ਼ਨ ਅਤੇ ਸਟੇਟ ਦੇ ਆਪਸੀ ਸੰਬੰਧਾਂ ਨੇ ਕੌਮਾਂਤਰੀ ਰਾਜਨੀਤੀ ਵਿਚ *ਨੇਸ਼ਨ-ਸਟੇਟ* ਦੇ ਸਿੱਧਾਂਤ ਨੂੰ ਇੰਨਾ ਮਹੱਤਵਪੂਰਨ ਬਣਾ ਦਿੱਤਾ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਇਹ ਰਾਜਾਂ ਦੀ ਮਾਨਤਾ ਦਾ ਕੇਂਦਰੀ ਬਿੰਦੂ ਬਣ ਗਿਆ। *ਨੇਸ਼ਨ-ਸਟੇਟ* ਦਾ ਵਿਹਾਰਕ ਵਿਗਾਸ ਯੂਰਪ ਵਿਚ ਆਉਣ ਵਾਲੇ ਵੱਡੇ ਰਾਜਨੀਤਿਕ ਬਦਲਾਵਾਂ ਨਾਲ ਸਬੰਧਿਤ ਹੈ।

ਮੌਜੂਦਾ ਆਧੁਨਿਕ ਰਾਜ ਦਾ ਜਨਮ ਯੂਰਪ ਵਿਚ ਵਿਕਸਿਤ ਹੋਈ ਅੰਤਰ-ਰਾਜ਼ੀ ਪ੍ਰਣਾਲੀ ਤੋਂ ਹੋਇਆ ਹੈ, ਜਿਸ ਨੇ ਪਹਿਲਾਂ ਤੋਂ ਮੌਜੂਦ ਸਾਮਰਾਜੀ ਅਤੇ ਜਗੀਰਦਾਰੀ ਰਾਜ ਪ੍ਰਬੰਧਾਂ ਨੂੰ ਇੱਕ ਤਰਾਂ ਖ਼ਤਮ ਕਰ ਦਿੱਤਾ ਸੀ। ਯੂਰਪ ਵਿਚ ਖੇਤਰੀ ਰਾਜ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਰਾਜਨੀਤਿਕ ਤਾਕਤ ਅਤੇ ਮਾਨਤਾ *ਪਵਿੱਤਰ ਰੋਮਨ ਸਾਮਰਾਜ, ਰੋਮ ਦੇ ਚਰਚ ਅਤੇ ਜਗੀਰਦਾਰੀ ਸੱਤਾ* ਵਿਚ ਵੰਡੀ ਹੋਈ ਸੀ। ਸਮਰਾਟ ਅਤੇ ਪੋਪ ਸਾਂਝੇ ਇਸਾਈ ਯੂਰੋਪ ਦੇ ਸ਼ਾਸਕ ਸਨ ਜਦਕਿ ਅਸਲ ਰਾਜਨੀਤਿਕ ਤਾਕਤ ਵੱਖ ਵੱਖ ਜਗੀਰਦਾਰਾਨਾ ਸ਼ਾਸਕਾਂ ਵਿਚਕਾਰ ਵੰਡੀ ਹੋਈ ਸੀ। 1648 ਦੀ ਵੈਸਟਫਲੀਆ ਸੰਧੀ[4] ਤੋਂ ਬਾਅਦ ਇਹ ਜਗੀਰਦਾਰਾਨਾ ਸ਼ਾਸਕ ਆਪਣੀ ਸੱਤਾ ਹੇਠਲੇ ਖੇਤਰਾਂ ਵਿਚ ਰਾਜਨੀਤਿਕ ਤਾਕਤ ਨੂੰ ਕੇਂਦਰੀ ਕ੍ਰਿਤ ਕਰਨ ਵਿਚ ਸਫ਼ਲ ਹੋ ਗਏ। ਰੋਮਨ ਸਾਮਰਾਜ ਅਤੇ ਜਗੀਰਦਾਰੀ ਪ੍ਰਬੰਧ ਦੇ ਵਾਰਸਾਂ ਵਜੋਂ ਇਹਨਾਂ ਸ਼ਾਸਕਾਂ ਉੱਤੇ ਰੋਮਨ ਸਮਰਾਟ ਵਲੋਂ ਨਿਭਾਈਆਂ ਜਾਂਦੀਆਂ ਰਾਜਨੀਤਿਕ ਜ਼ਿੰਮੇਵਾਰੀਆਂ ਨਿਭਾਉਣ ਦਾ ਭਾਰ ਵੀ ਪਿਆ, ਜਿਸ ਨੇ ਇਹਨਾਂ ਸ਼ਾਸਕਾਂ ਦੀ ਰਾਜਨੀਤਿਕ ਯੋਗਤਾ ਅਤੇ ਇਹਨਾਂ ਖੇਤਰੀ ਸੱਤਾ ਦੀ ਹੋਂਦ ਦਾ ਫੈਸਲਾ ਵੀ ਕਰਨਾ ਸੀ। ਇਸ ਰਾਜਨੀਤਿਕ ਬਦਲਾਅ ਨੇ ਪੋਪ ਦੀ ਧਾਰਮਿਕ ਸੱਤਾ ਉੱਤੇ ਵੀ ਭਾਰੀ ਸੱਟ ਮਾਰੀ। ਇਸਾਈ ਧਰਮ ਰੋਮਨ ਸਾਮਰਾਜ ਨੂੰ ਵਿਚਾਰਧਾਰਕ ਤੌਰ 'ਤੇ ਬੰਨ੍ਹਣ ਵਾਲਾ ਤੱਤ ਸੀ, ਜੋ ਰੋਮਨ ਸਾਮਰਾਜ ਦੇ ਪੰਦ੍ਰਵੀਂ ਸਦੀ ਵਿਚ ਅੰਤ ਤੋਂ ਬਾਅਦ ਵੀ ਕਾਇਮ ਰਿਹਾ ਸੀ। ਇਸਾਈ ਧਰਮ ਯੂਰਪੀਅਨ ਪਛਾਣ ਦਾ ਸਰੋਤ ਬਣਿਆ ਰਿਹਾ ਪਰ 1648 ਤੋਂ ਬਾਅਦ ਹੋਂਦ ਵਿਚ ਆਈ ਯੂਰਪੀ ਅੰਤਰ-ਰਾਜ਼ੀ ਪ੍ਰਣਾਲੀ ਨੇ ਸਾਂਝੇ ਇਸਾਈ ਯੂਰਪ ਦੀ ਥਾਂ ਲੈ ਲਈ। ਇਸ ਨਵੀਂ ਰਾਜਨੀਤਕ ਪ੍ਰਣਾਲੀ ਹੇਠ ਯੂਰਪ ਵਿਚ ਵੱਖ ਵੱਖ ਭੂਗੋਲਿਕ ਖੇਤਰਾਂ, ਇਹਨਾਂ ਖੇਤਰਾਂ ਦੀਆਂ ਆਜ਼ਾਦ ਸਰਕਾਰਾਂ ਅਤੇ ਇਹਨਾਂ ਖੇਤਰਾਂ ਵਿਚ ਰਹਿਣ ਵਾਲੀ ਵਸੋਂ ਵਿਚਕਾਰ ਰਾਜਨੀਤਿਕ ਸਬੰਧ ਪੈਦਾ ਹੋਏ। ਇਸ ਬਦਲੀ ਹੋਈ ਰਾਜਸੀ ਪ੍ਰਣਾਲੀ ਦੀਆਂ ਕੁਝ ਖਾਸ ਵਿਸ਼ੇਸ਼ਤਾਵਾਂ ਸਨ।

1. ਵੱਖ ਵੱਖ ਰਾਜਾਂ ਵੱਲੋਂ ਇੱਕ ਦੂਜੇ ਦੀ ਰਾਜਨੀਤਿਕ ਆਜ਼ਾਦੀ ਨੂੰ ਆਪਸੀ ਮਾਨਤਾ ਦਿੱਤੀ ਗਈ ਸੀ। ਇਸ ਤੋਂ ਭਾਵ ਕਿ ਕੋਈ ਇੱਕ ਰਾਜ ਦੂਜੇ ਰਾਜ ਦੇ ਅੰਦਰੂਨੀ ਮਸਲਿਆਂ ਵਿਚ ਦਖ਼ਲ ਨਹੀਂ ਦੇਵੇਗਾ।
2. ਰਾਜਾਂ ਦੀ ਆਪਸੀ ਮਾਨਤਾ ਦਾ ਇਹ ਸਿਧਾਂਤ ਸਿਰਫ਼ ਯੂਰਪ ਤਕ ਹੀ ਸੀਮਿਤ ਸੀ। ਗੈਰ ਯੂਰਪੀਅਨ ਰਾਜਨੀਤਿਕ ਪ੍ਰਣਾਲੀਆਂ ਨੂੰ ਅਵਿਕਸਿਤ ਮੰਨ ਕੇ ਇਸ ਪ੍ਰਣਾਲੀ ਤੋਂ ਬਾਹਰ ਰੱਖਿਆ ਗਿਆ।
3. ਯੂਰਪੀ ਰਾਜਾਂ ਦੇ ਆਪਸੀ ਰਾਜਨੀਤਿਕ ਸੰਬੰਧਾਂ ਨੂੰ ਕੁਝ ਕੌਮਾਂਤਰੀ ਕਾਨੂੰਨਾਂ ਅਤੇ ਕੂਟਨੀਤਿਕ ਨਿਯਮਾਂ ਹੇਠ ਲਿਆਂਦਾ ਗਿਆ। ਰਾਜਾਂ ਤੋਂ ਆਸ ਕੀਤੀ ਗਈ ਕਿ ਉਹ ਇਨ੍ਹਾਂ ਕਾਨੂੰਨਾਂ ਅਤੇ ਨਿਯਮਾਂ ਦਾ ਪਾਲਣ ਕਰਨਗੇ।
4. ਇਹ ਪ੍ਰਣਾਲੀ ਰਾਜਨੀਤਿਕ ਤਾਕਤ ਦਾ ਬਿਹਤਰ ਸੰਤੁਲਨ ਕਾਇਮ ਰੱਖਦੀ ਸੀ ਭਾਵ ਕਿ ਇਸ ਪ੍ਰਣਾਲੀ ਵਿਚਲੇ ਰਾਜ ਕਿਸੇ ਵੀ ਇਕ ਰਾਜ ਨੂੰ ਅਤਿ ਤਾਕਤਵਰ ਹੋ ਕੇ ਪੂਰੇ ਯੂਰਪੀ ਮਹਾਂਦੀਪ ਤੇ ਸਾਮਰਾਜ ਕਾਇਮ ਕਰਨ ਤੋਂ ਰੋਕਦੇ ਸਨ[5]।

ਯੂਰਪ ਵਿਚ ਉਭਰੀ ਇਸ ਨਵੀਂ ਰਾਜਨੀਤਿਕ ਪ੍ਰਣਾਲੀ ਨੇ ਰਾਜੇ ਦੀ **ਰੱਬੀ ਸੱਤਾ** ਦਾ ਵੀ ਖ਼ਾਤਮਾ ਕੀਤਾ। ਜਾਗੀਰਦਾਰੀ ਪ੍ਰਬੰਧ ਵਿਚ ਰਾਜੇ ਦੀ ਜਿੰਮੇਵਾਰੀ ਆਪਣੇ ਮਾਤਹਿਤਾਂ ਨੂੰ ਰੱਖਿਆ ਦੇਣਾ ਵੀ ਸੀ ਜੋ ਇੱਕ ਤਾਕਤਵਰ ਰਾਜ ਦੀ ਸਿਰਜਣਾ

ਦਾ ਆਧਾਰ ਸੀ। ਰਾਜੇ ਪ੍ਰਭੂ ਸੱਤਾ ਆਪਣੇ ਮਾਤਹਿਤਾਂ ਅਤੇ ਭੂਗੋਲਿਕ ਖੇਤਰ ਨੂੰ ਬਾਹਰੀ ਅਤੇ ਅੰਦਰੂਨੀ ਖ਼ਤਰਿਆਂ ਤੋਂ ਬਚਾਉਣ ਦੀ ਫ਼ੌਜੀ ਯੋਗਤਾ ’ਤੇ ਵੀ ਆਧਾਰਿਤ ਸੀ। ਪ੍ਰਭੂ ਸੱਤਾ ਦਾ ਇਹੀ ਸਿੱਧਾਂਤ ਵੱਖ ਵੱਖ ਸ਼ਾਸਕਾਂ ਵਿਚਕਾਰ ਖੇਤਰੀ ਆਜ਼ਾਦੀ ਅਤੇ ਅੰਦਰੂਨੀ ਪ੍ਰਬੰਧ ਵਿਚ ਦਖ਼ਲ ਅੰਦਾਜੀ ਨਾ ਕਰਨ ਦੇ ਨਿਯਮਾਂ ਦਾ ਆਧਾਰ ਬਣਿਆ। ਇਸ ਸਮੇਂ ਦੌਰਾਨ ਰਾਜਨੀਤਿਕ ਦਾਰਸ਼ਨਿਕਾਂ ਜਿਵੇਂ ਥੌਮਸ ਹਾਬਸ ਅਤੇ ਜੀਨ ਬੋਦਾਂ ਵੱਲੋਂ ਸਿਰਜੇ ਗਏ ਰਾਜਨੀਤਿਕ ਸਿੱਧਾਂਤਾਂ ਨੇ ਰਾਜ ਵੰਸ਼ੀ ਪ੍ਰਭੂ ਸੱਤਾ ਨੂੰ ਸਿਧਾਂਤਕ ਆਧਾਰ ਦਿੱਤਾ। ਜਿਸ ਵਿਚ ਰੱਬੀ ਸੱਤਾ ਦੀ ਭੂਮਿਕਾ ਨੂੰ ਬੇਹੱਦ ਘਟਾ ਦਿੱਤਾ ਗਿਆ[6]। ਜੋਹਨ ਲਾਕ ਅਤੇ ਜੀਨਸ ਜੈਕਸ ਰੂਸੋ ਵੱਲੋਂ ਸਿਰਜੇ ਗਏ ਹਰਮਨ ਪਿਆਰੀ ਪ੍ਰਭੂ ਸੱਤਾ ਦੇ ਸਿਧਾਂਤ ਨੇ ਰਾਜਸੀ ਸੱਤਾ ਦੇ ਸਰੋਤ ਦੀ ਮਾਨਤਾ ਵਿਚ ਵੱਡਾ ਬਦਲਾਅ ਲਿਆਂਦਾ। ਰੂਸੋ ਨੇ ਆਮ ਲੋਕਾਂ ਨੂੰ *ਪ੍ਰਭੂ ਸੱਤਾ* ਦਾ ਸਰੋਤ ਬਣਾਇਆ। ਰੂਸੋ ਅਨੁਸਾਰ *ਪ੍ਰਭੂ ਸੱਤਾ ਲੋਕਾਂ ਵਿਚ ਨਿਵਾਸ ਕਰਦੀ ਹੈ* ਅਤੇ ਲੋਕ ਸਰਕਾਰ ਨੂੰ ਪ੍ਰਭੂ ਸੱਤਾ ਦੀ ਵਰਤੋ ਦਾ ਅਧਿਕਾਰ ਦਿੰਦੇ ਹਨ[7]। ਜੋਹਨ ਲਾਕ ਅਨੁਸਾਰ ਲੋਕਾਂ ਨੇ ਆਪਣੀ ਆਜ਼ਾਦੀ, ਜਿੰਦਗੀ ਅਤੇ ਜਾਇਦਾਦ ਦੀ ਰਾਖੀ ਲਈ ਇੱਕ ਭਾਈਚਾਰੇ ਦੀ ਸਿਰਜਣਾ ਕੀਤੀ। ਲੋਕਾਂ ਨੇ ਆਪਸੀ ਸਮਝੌਤੇ ਰਾਹੀਂ ਆਪਣੇ ਕੁਦਰਤੀ ਅਧਿਕਾਰਾਂ ਦੀ ਰਾਖੀ ਦਾ ਹੱਕ ਸਾਂਝੇ ਤੌਰ ’ਤੇ ਸਿਰਜੇ ਭਾਈਚਾਰੇ ਨੂੰ ਦਿੱਤਾ। ਇਸੇ ਹੱਕ ਨੇ ਭਾਈਚਾਰੇ ਨੂੰ ਪ੍ਰਭੂ ਸੱਤਾ ਅਤੇ ਰਾਜਸੀ ਸੱਤਾ ਦਾ ਸਰੋਤ ਬਣਾ ਦਿੱਤਾ। ਇਸ ਤੋਂ ਭਾਵ ਕਿ **ਮਨੁੱਖਾਂ ਨੇ ਇਕੱਠੇ ਹੋ ਕੇ ਆਪਣੇ ਉੱਤੇ ਰਾਜਨੀਤਿਕ ਸੱਤਾ ਦੀ ਵਰਤੋ ਦਾ ਹੱਕ ਸਾਂਝੇ ਭਾਈਚਾਰੇ ਨੂੰ ਦੇ ਦਿੱਤਾ**[8]। ਇਸ ਤਰਾਂ ਰੂਸੋ ਅਤੇ ਲਾਕ ਵੱਲੋਂ ਸਿਰਜੇ ਗਏ ਸਿਧਾਂਤਾਂ ਨੇ ਫਰਾਂਸ ਅਤੇ ਅਮਰੀਕਾ ਵਿਚ ਆਈਆਂ ਕਰਾਂਤੀਆਂ ਲਈ ਰਾਜਨੀਤਿਕ ਆਧਾਰ ਤਿਆਰ ਕੀਤਾ।

ਇਸ ਸਮੇਂ ਦੌਰਾਨ ਵਿਕਾਸ ਕਰ ਰਹੀਆਂ ਅੰਦਰੂਨੀ ਤੌਰ ’ਤੇ ਤਾਕਤਵਰ ਰੱਖਿਆਤਮਿਕ ਰਾਜਸੀ ਇਕਾਈਆਂ ਦੀ ਨੀਂਹ ਖੇਤਰੀ ਲਗਾਅ ਦੀ ਭਾਵਨਾ ਉੱਤੇ ਧਰੀ ਗਈ ਸੀ। ਖੇਤਰੀ ਲਗਾਅ ਦੀ ਇਸ ਭਾਵਨਾ ਨੂੰ ਦੋ ਹੋਰ ਵਰਤਾਰਿਆਂ ਨੇ ਤਾਕਤਵਰ ਬਣਾਇਆ। ਇਹ ਸਨ **ਰਾਜਸੀ ਮਾਨਤਾ ਦਾ ਸਿੱਧਾਂਤ** ਅਤੇ **ਰਾਸ਼ਟਰਵਾਦ**। ਰਾਜਸੀ ਮਾਨਤਾ ਦਾ ਸਿੱਧਾਂਤ ਪੁਰਾਣੇ ਯੁਰੋਪ ਦੇ ਖੇਤਰੀ ਰਾਜਾਂ ਤੇ ਕਾਬਜ਼ ਰਾਜਵੰਸ਼ਾਂ ਨੂੰ ਇੱਕ ਦੂਜੇ ਦੀ ਪ੍ਰਭੂ ਸੱਤਾ ਨੂੰ ਮਾਨਤਾ ਦੇਣ ਉੱਤੇ ਆਧਾਰਿਤ ਸੀ। ਦੂਜੇ ਪਾਸੇ ਰਾਸ਼ਟਰਵਾਦ ਦੇ ਵਰਤਾਰੇ ਨੇ ਆਤਮ ਨਿਰਣੇ ਦਾ ਹੱਕ ਰੱਖਣ ਵਾਲੇ ਰਾਸ਼ਟਰੀ ਸਮੂਹਾਂ ਨੂੰ ਵਿਕਸਤ ਕੀਤਾ। ਰਾਜਾਂ ਵੱਲੋਂ ਕਿਸੇ ਰਾਸ਼ਟਰੀ ਸਮੂਹਾਂ ਦੀ ਪ੍ਰਤੀਨਿਧਤਾ ਕਰਨ ਦੇ ਦਾਅਵੇ ਨੇ ਇਹਨਾਂ ਨੂੰ ਨੇਸ਼ਨ ਸਟੇਟ ਦਾ ਰੂਪ ਦੇ ਦਿੱਤਾ[9]। ਉਨ੍ਹੀਵੀਂ ਸਦੀ ਵਿਚ ਤਾਂ ਯੂਰਪ ਵਿਚਲੀਆਂ ਕਈ ਕੌਮਾਂ ਨੇ ਆਪਣੇ ਰਾਜ ਸਿਰਜੇ। ਇਸ ਰਾਸ਼ਟਰਵਾਦੀ ਵਰਤਾਰੇ ਨੇ ਰਾਜਤੰਤਰ ਦੀ ਮਾਨਤਾ ਨੂੰ ਤਾਂ ਘਟਾਇਆ ਹੀ ਪਰ ਨਾਲ ਹੀ ਹਰਮਨ ਪਿਆਰੀ ਪ੍ਰਭੂ ਸੱਤਾ ਦੇ ਸਿਧਾਂਤ ਨੂੰ ਸਮਾਜ ਦੀ ਕੌਮੀ ਵੰਡ ਦੇ ਸੰਦਰਭ ਵਿਚ ਹੋਰ ਮਹੱਤਵਪੂਰਨ ਬਣਾ ਦਿੱਤਾ। ਪਿਛਲੇ ਡੇਢ ਸੋ ਸਾਲਾਂ ਦੇ ਉਲਟ ਰਾਜਾਂ ਦੀ ਮਾਨਤਾ ਦਾ ਸਰੋਤ ਰਾਜਤੰਤਰੀ ਪ੍ਰਣਾਲੀ ਤੋਂ ਬਦਲ ਕੇ ਸਾਂਝੀ ਕੌਮੀ ਵਿਰਾਸਤ ਬਣ ਗਈ। ਯੂਰਪ ਸਾਂਝੀਆਂ ਕੌਮੀ ਯਾਦਾਂ ਅਤੇ ਵਿਰਾਸਤਾਂ ਉੱਤੇ ਵਿਕਸਿਤ ਹੋਈਆਂ ਰਾਜ ਰਹਿਤ ਕੌਮਾਂ ਨਾਲ ਭਰਿਆ ਹੋਇਆ ਸੀ ਜੋ ਵੱਖ- ਵੱਖ ਖੇਤਰੀ ਇਕਾਈਆਂ ਵਿਚ ਵੰਡੀਆਂ ਹੋਈਆਂ ਸਨ। ਜਰਮਨ ਅਤੇ ਇਟਲੀ ਵਿਚਲੀਆਂ ਕੌਮਾਂ ਇਸ ਵਰਤਾਰੇ ਦੀਆਂ ਮੁੱਖ ਉਦਾਹਰਨਾਂ ਹਨ। ਧਰਮ ਦਾ ਤੱਤ ਵੀ ਇਸ ਵਰਤਾਰੇ ਨਾਲ ਜੁੜਿਆ ਹੋਇਆ ਸੀ। ਇਸਾਈ ਧਰਮ ਦੀ ਚੇਤਨਾ ਕਈ ਬੌਲਸ਼ਵਿਕ ਕੌਮਾਂ ਵਲੋਂ ਆਟੋਮਾਨ ਸਾਮਰਾਜ ਤੋਂ ਵਿਦਰੋਹ ਦਾ ਵੱਡਾ ਕਾਰਨ ਸੀ। ਸਾਂਝੀਆਂ ਪਰੰਪਰਾਵਾਂ ਅਤੇ ਸਾਂਝੀ ਭਾਸ਼ਾ ਤੇ ਆਧਾਰਿਤ ਪਛਾਣ ਨੇ ਜਰਮਨ ਤੇ ਇਟਲੀ ਨੂੰ ਤਾਕਤਵਰ *ਨੇਸ਼ਨ ਸਟੇਟਾਂ* ਵਜੋਂ ਉਭਾਰਿਆ , ਜਿਨ੍ਹਾਂ ਨੇ ਬਾਅਦ ਵਿਚ ਦੋ ਸੰਸਾਰ ਜੰਗਾਂ ਨੂੰ ਅੰਜਾਮ ਦਿੱਤਾ। ਬੈਲਜਿਅਮ ਵੀ ਇਸੇ ਤਰਾਂ ਦੇ ਵਰਤਾਰੇ ਵਿਚੋਂ ਹੋਂਦ ਵਿਚ ਆਇਆ। 1848 ਦੇ ਰਾਸ਼ਟਰੀ ਤੇ ਕੌਮੀ ਚੜ੍ਹਤ ਦੇ ਸਾਲਾਂ ਵਿਚ ਆਈਆਂ ਰਾਸ਼ਟਰਵਾਦੀ ਕ੍ਰਾਂਤੀਆਂ ਸਾਬਤ ਕਰਦੀਆਂ ਸਨ ਕਿ ਰਾਸ਼ਟਰਵਾਦ ਯੂਰਪ ਪੱਧਰ ਦਾ ਵਰਤਾਰਾ ਬਣ ਚੁੱਕਿਆ ਸੀ ਪਰ ਇਸ ਨੂੰ ਕੌਮਾਂਤਰੀ ਮਾਨਤਾ ਪਹਿਲੀ ਸੰਸਾਰ ਜੰਗ ਤੋਂ ਬਾਅਦ **ਵੀਆਨਾ ਕਾਂਗਰਸ** ਅਤੇ **ਵਰਸੇਨਲਜ਼ ਸ਼ਾਂਤੀ ਸੰਧੀ** ਰਾਹੀਂ ਮਿਲੀ। ਪਹਿਲੀ ਸੰਸਾਰ ਜੰਗ ਤੋਂ ਬਾਅਦ *ਨੇਸ਼ਨ-ਸਟੇਟ* ਦਾ ਤੇਜ਼ੀ ਨਾਲ ਉਭਾਰ

ਹੋਇਆ। **ਕੌਮੀ ਹਿੱਤਾਂ** ਦੇ ਸਾਂਝੇ ਤੱਤ ਨੇ ਦੋ ਵੱਖ ਵੱਖ ਸੱਤਾ ਪ੍ਰਣਾਲੀਆਂ ਨੂੰ ਆਪਸ ਵਿਚ ਜੋੜ ਦਿੱਤਾ। ਜੇ ਸਟੇਟ (ਰਾਜ) **ਰਾਸ਼ਟਰੀ ਹਿੱਤਾਂ** ਅਤੇ **ਰਾਜਸੀ ਹੋਂਦ** ਦੀ ਕਾਇਮੀ ਲਈ ਜ਼ਰੂਰੀ ਭੂਮਿਕਾ ਨਿਭਾਉਂਦੀ ਸੀ ਤਾਂ ਨੇਸ਼ਨ (**ਕੌਮ)** ਇਸ ਨੂੰ ਇਤਿਹਾਸਕ ਪਛਾਣ ਪ੍ਰਦਾਨ ਕਰਦੀ ਸੀ।

ਸਟੇਟ ਦਾ ਅਮਲੀ ਤੇ ਕੇਂਦਰੀ ਟੀਚਾ *ਅੰਦਰੂਨੀ ਤੇ ਬਾਹਰੀ ਰੱਖਿਆ* ਕਾਇਮ ਕਰਨਾ ਸੀ ਪਰ ਨੇਸ਼ਨ ਇਸ ਦੀਆਂ ਇਤਿਹਾਸਕ ਇੱਛਾਵਾਂ ਨੂੰ ਮਾਨਤਾ ਦਿੰਦਾ ਸੀ। ਸਟੇਟ ਦਾ ਆਧਾਰ *ਰਾਸ਼ਟਰੀ ਰੱਖਿਆ* ਲਈ ਇਸ ਦਾ ਅਮਲੀ ਪ੍ਰਦਰਸ਼ਨ ਸੀ ਪਰ *ਨੇਸ਼ਨ* ਦੀ ਸਿਰਜਣਾ ਕਰਨ ਵਾਲਾ ਮੁੱਖ ਤੱਤ ਇਸ ਦਾ *ਇਤਿਹਾਸਿਕ ਜਨਮ* ਸੀ ਜੋ ਇਸ ਨੂੰ ਇਸ ਦੀ ਜਨਮ ਭੂਮੀ ਨਾਲ ਜੋੜ ਦਿੰਦਾ ਸੀ[10]। ਇਸ ਤੱਤ ਨੇ *ਖੇਤਰੀ ਲਗਾਅ ਦੀ ਭਾਵਨਾ* ਨੂੰ ਮਹੱਤਵਪੂਰਨ ਆਧਾਰ ਦਿੱਤਾ ਸੀ।

ਇਹ ਜ਼ਰੂਰੀ ਨਹੀਂ ਹੈ ਕਿ ਹਰੇਕ *ਨੇਸ਼ਨ-ਸਟੇਟ* ਆਪਣੇ ਸਾਂਝੇ ਤੱਤਾਂ ਦੀ ਇਕਸਾਰ ਵਰਤੋਂ ਕਰਦੀ ਹੈ। ਹਰੇਕ *ਨੇਸ਼ਨ-ਸਟੇਟ* ਆਪਣੇ *ਰਾਸ਼ਟਰੀ ਹਿੱਤਾਂ* ਅਨੁਸਾਰ ਆਪਣੇ ਸਾਂਝੇ ਤੱਤਾਂ ਨੂੰ ਵਰਤਦੀ ਹੈ। ਕੁਝ ਨੇਸ਼ਨ ਸਟੇਟਾਂ ਲਈ *ਰਾਸ਼ਟਰੀ ਰੱਖਿਆ*, ਇਸ ਦਾ ਕੇਂਦਰੀ ਟੀਚਾ ਹੁੰਦਾ ਹੈ ਅਤੇ ਇਸ ਦੀਆਂ *ਇਤਿਹਾਸਕ ਇੱਛਾਵਾਂ* ਲੰਬੇ ਸਮੇਂ ਦੇ ਟੀਚੇ ਹੁੰਦੇ ਹਨ। ਕੁਝ ਦੂਜੀਆਂ ਨੇਸ਼ਨ ਸਟੇਟਾਂ ਆਪਣੀਆਂ ਇਤਿਹਾਸਕ ਇੱਛਾਵਾਂ ਅਤੇ ਵਿਚਾਰਧਾਰਕ ਵਿਚਾਰਾਂ ਨੂੰ ਇਕੱਠਿਆਂ ਕਰਕੇ ਇਹਨਾਂ ਨੂੰ ਪਾਉਣ ਦੀ ਨੀਤੀ ਨੂੰ ਆਪਣਾ ਕੇਂਦਰੀ ਟੀਚਾ ਮਿਥਦੀਆਂ ਹਨ। ਜੇ ਕੋਈ ਨੇਸ਼ਨ-ਸਟੇਟ ਸਾਂਝੀ ਕਿਸਮਤ ਅਤੇ ਖਾਸ ਟੀਚੇ ਲਈ ਚੁਣੇ ਗਏ ਨੇਸ਼ਨ ਵਜੋਂ ਰਾਜਸੀ ਸਰਗਰਮੀ ਨਹੀਂ ਕਰਦੀ ਤਾਂ ਇਸ ਦੀਆਂ ਨੀਤੀਆਂ ਆਮ ਤੌਰ ਤੇ ਨਿਰਪੱਖ ਰਹਿੰਦੀਆਂ ਹਨ। ਖਾਸ ਚੁਣੇ ਗਏ ਨੇਸ਼ਨ ਜਦੋਂ ਸਟੇਟ ਦੀ ਤਾਕਤ ਦੀ ਵਰਤੋ ਆਪਣੀ ਸੱਭਿਅਤਾ ਅਤੇ ਇਸ ਦੀਆਂ ਕਦਰਾਂ ਕੀਮਤਾਂ ਦੇ ਫੈਲਾਓ ਲਈ ਕਰਦੇ ਹਨ ਤਾਂ ਰਾਜਸੀ ਅਤੇ ਕੌਮੀ ਵਿਰੋਧ ਜਨਮ ਲੈਂਦੇ ਹਨ[11]। ਇਸਾਈ ਅਤੇ ਮੁਸਲਿਮ ਸਭਿਅਤਾਵਾਂ ਵਿਚਕਾਰ ਵਿਰੋਧ ਬੋਲਸ਼ਵਿਕ ਵਿਚਾਰਧਾਰਾ ਅਤੇ ਫਾਸ਼ੀਵਾਦੀ, ਨਾਜ਼ੀ ਵਿਚਾਰਧਾਰਾਵਾਂ ਅਤੇ ਭਾਰਤ ਵਿਚ ਹਿੰਦੂਤਵੀ ਵਰਤਾਰਾ ਇਸੇ ਤਰਾਂ ਦੇ ਅਮਲ ਦੀਆਂ ਉਦਾਹਰਨਾਂ ਹਨ।

ਨੇਸ਼ਨ ਅਤੇ ਸਟੇਟ ਦਾ ਇੱਕ ਹੋਰ ਸਾਂਝਾ ਤੱਤ ਭੂਗੋਲਿਕ ਖੇਤਰ ਹੈ। ਕੁਝ ਨੇਸ਼ਨ ਕਿਸੇ *ਭੂਗੋਲਿਕ ਖੇਤਰ* ਦੇ ਨਾਲ ਭਾਵਨਾਤਮਿਕ ਲਗਾਅ ਤੋਂ ਬਿਨਾਂ ਕਾਇਮ ਰਹਿ ਸਕਦੇ ਹਨ, ਜਿਸ ਤਰਾਂ ਆਸਟ੍ਰੇਲੀਅਨ ਅਤੇ ਅਮਰੀਕਨ ਨੇਸ਼ਨ ਬਿਨਾਂ ਕਿਸੇ ਖੇਤਰੀ ਲਗਾਅ ਦੇ ਹੋਂਦ ਵਿਚ ਕਾਇਮ ਹਨ। ਸਿਰਫ਼ ਰਾਜ ਜਾਂ ਸਟੇਟ ਹੀ ਕਿਸੇ ਨੇਸ਼ਨ ਨੂੰ ਕਿਸੇ ਖੇਤਰ ਉੱਤੇ ਕਾਬਜ਼ ਹੋਣ ਦੇ ਯੋਗ ਬਣਾਉਂਦਾ ਹੈ ਅਤੇ ਇਸ ਨੂੰ ਕੌਮਾਂਤਰੀ ਰਾਜਨੀਤੀ ਵਿਚ ਹਿੱਸਾ ਲੈਣ ਦੀ ਕਾਬਲੀਅਤ ਦਿੰਦਾ ਹੈ। ਇਸ ਤਰਾਂ *ਭੂਗੋਲਿਕ ਖੇਤਰ* ਇੱਕ ਰਾਜਸੀ ਧਾਰਨਾ ਹੈ। ਜਦਕਿ ਧਰਤੀ ਦੀ ਧਾਰਨਾ ਦਾ ਸੰਕਲਪ **ਕੌਮਾਂ** ਦੀ ਪੁਰਾਤਨਤਾ ਨਾਲ ਜੁੜਿਆ ਹੁੰਦਾ ਹੈ। ਰਾਜ (ਸਟੇਟ) ਲਈ ਭੂਗੋਲਿਕ ਖੇਤਰ ਇੱਕ ਰਾਜਨੀਤਕ ਇਕਾਈ ਦੇ ਤੌਰ 'ਤੇ ਵਿਹਾਰ ਕਰਨ ਲਈ ਜ਼ਰੂਰੀ ਤੱਤ ਹੁੰਦਾ ਹੈ ਜਦਕਿ *ਧਰਤੀ ਕੌਮਾਂ ਦੀ ਇਤਿਹਾਸਕ ਨਿਰੰਤਰਤਾ ਦਾ ਚਿੰਨ੍ਹ* ਹੁੰਦੀ ਹੈ। ਭੂਗੋਲਿਕ ਖੇਤਰ ਰਾਜ ਦੇ ਨਾਗਰਿਕਾਂ ਨੂੰ ਰੱਖਿਆ ਵੀ ਦਿੰਦਾ ਹੈ ਕਿਉਂਕਿ ਰਾਜ ਦੀਆਂ ਕੁਦਰਤੀ ਹੱਦਾਂ ਅਤੇ ਖੇਤਰ ਦੀ ਖਾਸੀਅਤ ਬਾਹਰੀ ਖ਼ਤਰਿਆਂ ਤੋਂ ਰਾਜ ਦਾ ਬਚਾਅ ਕਰਦਾ ਹੈ। ਨੇਸ਼ਨ ਦਾ ਤੱਤ ਸਾਂਝੀਆਂ ਯਾਦਾਂ ਅਤੇ ਸਾਂਝੇ ਇਤਿਹਾਸ ਅਤੇ ਸਾਂਝੀ ਪਛਾਣ ਵਰਗੀਆਂ ਭਾਵਨਾਵਾਂ ਦੇ ਅਧਾਰ ਤੇ ਰਾਜ ਦੀਆਂ ਭੂਗੋਲਿਕ ਹੱਦਾਂ ਵਿਚ ਰਹਿਣ ਵਾਲੇ ਲੋਕਾਂ ਵਿਚ ਰਾਜਨੀਤਿਕ ਵਫ਼ਾਦਾਰੀ ਦੀ ਭਾਵਨਾ ਪੈਦਾ ਕਰਦਾ ਹੈ[12]। *ਇਸ ਤਰਾਂ ਨੇਸ਼ਨ ਦੀ ਧਾਰਨਾ ਨੇ ਸਾਂਝੇ ਜਨਮ, ਸਾਂਝੀ ਭਾਸ਼ਾ, ਸਾਂਝੇ ਇਤਿਹਾਸ ਅਤੇ ਸੱਭਿਆਚਾਰ ਵਰਗੇ ਅਹਿਸਾਸਾਂ ਨੂੰ ਭੂਗੋਲਿਕ ਖੇਤਰ ਨਾਲ ਜੋੜ ਕੇ ਨੇਸ਼ਨ-ਸਟੇਟ ਵਰਗੇ ਮਹੱਤਵਪੂਰਨ ਵਰਤਾਰੇ ਨੂੰ ਜਨਮ ਦਿੱਤਾ ਹੈ*। ਨੇਸ਼ਨ ਦਾ ਸਿੱਧਾਂਤ ਰਾਜ ਦੇ ਪ੍ਰਭੂਸੱਤਾਤਮਿਕ ਖੇਤਰੀ ਰਾਜ ਦੇ ਸਿਧਾਂਤ ਨਾਲ ਏਨਾ ਇੱਕ ਮਿੱਕ ਹੋ ਗਿਆ ਕਿ ਇਸ ਨੇ ਨੇਸ਼ਨ-ਸਟੇਟ ਦੇ ਰਾਜਸੀ ਮਾਡਲ ਨੂੰ ਦੁਨੀਆਂ ਦੇ ਹਰੇਕ ਖੇਤਰ ਵਿਚ ਹਰਮਨ ਪਿਆਰਤਾ ਦਿਵਾਈ। ਮੌਜੂਦਾ ਸਮੇਂ ਵਿਚ ਹਰੇਕ ਰਾਜ ਆਪਣੀ ਸੱਤਾ ਨੂੰ ਕਾਇਮ ਰੱਖਣ ਲਈ *ਨੇਸ਼ਨ-ਸਟੇਟ* ਹੋਣ ਦਾ ਦਾਅਵਾ

ਕਰਦਾ ਹੈ।

## 3 ਭਾਸ਼ਾ ਦੀ ਮਹੱਤਤਾ

*ਨੇਸ਼ਨ-ਸਟੇਟ* ਦੇ ਵਿਗਾਸ ਅਤੇ ਕੌਮਾਂਤਰੀ ਮਾਨਤਾ ਦੇ ਅਮਲ ਨੇ *ਭਾਸ਼ਾਈ ਵਖਰੇਵੇਂ* ਨੂੰ ਅਸਰ ਅੰਦਾਜ਼ ਵੀ ਕੀਤਾ ਤੇ ਭਾਸ਼ਾਈ ਵੱਖਰਤਾ ਨੇ ਇਸ ਦੇ ਵਿਗਾਸ-ਅਮਲ ਵਿਚ ਵੱਡੀ ਭੂਮਿਕਾ ਵੀ ਅਦਾ ਕੀਤੀ। ਸੋਲ੍ਹਵੀਂ ਸਦੀ ਵਿਚ ਇਸਾਈ ਧਰਮ ਦੇ ਸੰਗਠਨ ਨੂੰ ਲੇਟਿਨ ਭਾਸ਼ਾ ਦੇ ਦਾਬੇ ਦੇ ਵਿਰੋਧ ਵਿਚ ਵੰਗਾਰਿਆ ਗਿਆ। ਵੱਖ ਵੱਖ ਸਮੂਹਾਂ ਦੀਆਂ ਭਾਸ਼ਾਵਾਂ ਵਿਚ ਬਾਈਬਲ ਦੇ ਅਨੁਵਾਦ ਹੋਏ, ਜਿਸ ਨੇ ਸਾਂਝੀ ਭਾਸ਼ਾ ਬੋਲਣ ਵਾਲੇ ਸਮੂਹਾਂ ਨੂੰ *ਕੌਮੀ ਰਾਜਨੀਤਿਕ ਸਮੂਹਾਂ* ਵਿਚ ਬਦਲ ਦਿੱਤਾ। ਸੈਂਟਰਲ ਅਤੇ ਉੱਤਰੀ ਯੂਰਪ ਦੇ ਛੋਟੇ ਭਾਸ਼ਾਈ ਸਮੂਹਾਂ ਦੇ ਭਾਸ਼ਾ ਵਿਗਿਆਨੀਆਂ ਨੇ ਆਪਣੀ ਭਾਸ਼ਾ ਤੇ ਲਿਪੀ ਨੂੰ ਕੋਡੀਫਾਈ ਕਰਕੇ **ਭਾਸ਼ਾ,ਰਾਜਨੀਤਿਕ ਤਾਕਤ ਅਤੇ ਖੇਤਰ** ਦੇ ਆਪਸੀ ਸੁਮੇਲ ਨਾਲ ਕੌਮੀ ਰਾਜ ਸਿਰਜੇ। ਚੈੱਕ ਅਤੇ ਪੋਲਿਸ਼ ਸਮੂਹਾਂ ਦੇ ਵੱਡੇ ਭਾਸ਼ਾ-ਵਿਗਿਆਨੀ ਇਹਨਾਂ ਦੇ ਕੌਮੀ ਰਾਜਾਂ ਦੇ ਸਰਵਉਚ ਰਾਜਨੀਤਕ ਅਹੁਦਿਆਂ ਤਕ ਪਹੁੰਚੇ। ਇਸ ਅਮਲ ਦੇ ਸਿੱਟੇ ਵਜੋਂ ਰਾਜਸੀ ਤਾਕਤ ਤੋਂ ਵਿਰਵੀਆਂ ਰਹਿ ਗਈਆਂ ਕੌਮਾਂ ਦੀਆਂ ਭਾਸ਼ਾਵਾਂ ਨੂੰ ਨੀਵੇਂ ਦਰਜੇ ਦੀਆਂ ਉਪ ਬੋਲੀਆਂ ਵਜੋਂ ਘਟਾ ਕੇ ਖਤਮ ਕਰ ਦੇਣ ਦਾ ਅਮਲ ਵੀ ਸ਼ੁਰੂ ਹੋਇਆ। *ਨੇਸ਼ਨ-ਸਟੇਟ* ਦੇ ਅਮਲ ਨੇ **ਕੌਮੀ ਰਾਜ** ਬੰਨ੍ਹਣ ਅਤੇ **ਰਾਜ ਸੱਤਾ ਦੀ ਮਾਨਤਾ** ਲਈ ਵੱਖ ਭਾਸ਼ਾਵਾਂ ਨੂੰ ਸਰਕਾਰੀ ਭਾਸ਼ਾਵਾਂ ਅਤੇ ਉਪ ਬੋਲੀਆਂ ਜਾਂ ਲੋਕਲ ਭਾਸ਼ਾਵਾਂ ਵਜੋਂ ਵੰਡ ਦਿੱਤਾ। ਯੂਰਪ ਵਿਚ ਨੇਸ਼ਨ-ਸਟੇਟ ਦੀ ਤਾਕਤ ਤੇ ਕਾਬਜ਼ ਭਾਸ਼ਾਈ ਸਮੂਹਾਂ ਵੱਲੋਂ ਇਸ ਰਾਜ ਅੰਦਰ ਰਹਿਣ ਵਾਲੇ ਦੂਜੇ ਕੌਮੀ ਸਮੂਹਾਂ ਦੀਆਂ ਭਾਸ਼ਾਵਾਂ ਨੂੰ ਦਾਬੇ ਵਾਲੇ ਰਾਜਸੀ ਤੌਰ ’ਤੇ ਤਾਕਤਵਰ ਕੌਮੀ ਸਮੂਹ ਦੀ ਭਾਸ਼ਾ ਦੀਆਂ ਉਪ ਬੋਲੀਆਂ ਵਜੋਂ ਘਟਾ ਕੇ ਖ਼ਤਮ ਕਰਨ ਦੇ ਦਾਅਵੇ ਅਤੇ ਵਿਹਾਰਕ ਨੀਤੀਆਂ ਸਾਹਮਣੇ ਆਈਆਂ। ਆਧੁਨਿਕਤਾ ਦੇ ਕਾਲ ਵਿਚ ਰਾਜ ਦੇ ਵਿਦਿਅਕ ਢਾਂਚੇ ਨੂੰ ਤਾਕਤਹੀਣ ਕੌਮਾਂ ਦੀਆਂ ਭਾਸ਼ਾਵਾਂ ਨੂੰ ਖਤਮ ਕਰਨ ਲਈ ਵਰਤਿਆ ਜਾਣ ਲੱਗਾ[13]। ਇਸ ਤਰਾਂ ਨੇਸ਼ਨ ਸਟੇਟ ਦੀ ਸਿਰਜਨਾ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ **ਨੇਸ਼ਨ, ਭਾਸ਼ਾ, ਖੇਤਰ** ਦੇ ਆਪਸੀ ਸੰਬੰਧਾਂ ਤੋਂ ਪੈਦਾ ਹੋਏ **ਰਾਜਸੀ ਢਾਂਚੇ** ਨੇ ਤਾਕਤਹੀਣ ਕੌਮਾਂ ਅਤੇ ਇਹਨਾਂ ਦੀਆਂ ਭਾਸ਼ਾਵਾਂ ਲਈ ਗੰਭੀਰ ਸੰਕਟ ਪੈਦਾ ਕਰ ਦਿੱਤੇ।

## 4 ਸੰਬੰਧਤ ਮੁੱਦੇ ਅਤੇ ਨਤੀਜੇ: ਇੰਗਲੈਂਡ ਵਿਚ ਨੇਸ਼ਨ ਸਟੇਟ ਦਾ ਵਿਗਾਸ

ਇੰਗਲੈਂਡ ਦਾ ਕੌਮੀ ਇਤਿਹਾਸ 8ਵੀਂ ਸਦੀ ਵਿਚ ਧਾਰਮਿਕ ਪਛਾਣ ਅਤੇ ਏਕੇ ਤੋਂ ਸ਼ੁਰੂ ਹੋ ਕੇ ਮੌਜੂਦਾ ਨੇਸ਼ਨਸਟੇਟ ਦੇ ਰੂਪ ਵਿਚ ਵਿਕਸਿਤ ਹੋਇਆ ਹੈ। ਅੱਠਵੀਂ ਸਦੀ ਦੇ ਇਸਾਈ ਇਤਿਹਾਸਕਾਰ ਵੀਨਰੇਵਲ ਬੀਡ ਵਲੋਂ ਲਿਖੀ ਕਿਤਾਬ ਵਿਚ ਬ੍ਰਿਟਿਸ਼ ਪਛਾਣ ਅਤੇ ਏਕੇ ਨੂੰ ਤਿੰਨ ਹਿੱਸਿਆ ਵਿਚ ਵੰਡਿਆ ਹੈ। ਪਹਿਲੇ ਪੱਧਰ ’ਤੇ ਉਸ ਨੇ ਬ੍ਰਿਟੇਨ ਨੇ ਖੇਤਰੀ ਟਾਪੂ ਉੱਤੇ ਰਹਿਣ ਵਾਲੇ ਇਸਾਈ ਧਰਮ ਨੂੰ ਮੰਨਣ ਵਾਲੇ ਲੋਕਾਂ , ਜੋ ਰੋਮ ਲਈ ਵਫ਼ਾਦਾਰ ਸਨ, ਵਜੋਂ ਪਛਾਣ ਦਿੱਤੀ ਹੈ। ਦੂਜੇ ਪੱਧਰ ਉੱਤੇ ਉਸ ਨੇ ਚਰਚ ਦੇ ਏਕੇ ਦੀ ਜਾਣਕਾਰੀ ਦਿੱਤੀ ਹੈ। ਉਸੇ ਸਮੇਂ ਬ੍ਰਿਟੇਨ ਰਾਜਨੀਤਿਕ ਤੌਰ ’ਤੇ ਇੱਕਮੁੱਠ ਨਹੀਂ ਸੀ ਬਲਕਿ ਕੈਂਟਨਬਰੀ ਦੇ ਆਰਚੀਬਿਸ਼ਿਪ ਦੀ ਅਗਵਾਈ ਵਿਚ ਸਦੀਆਂ ਤਕ ਇਸ ਦੀ ਕੌਮੀ ਪਛਾਣ ਕਾਇਮ ਰਹੀ। ਲੰਡਨ, ਵਿੰਨਚੇਸਟਰ, ਯੋਰਕ, ਲਿੰਡਸਫਾਰਨ ਆਦਿ ਸੱਤ ਅੱਠ ਛੋਟੇ ਖੇਤਰੀ ਹਿੱਸਿਆਂ ਨੂੰ ਕੇਂਟਨਬਰੀ ਦੇ ਬਿਸ਼ਪ ਨੇ ਸਾਂਝੀ ਇਸਾਈ ਪਛਾਣ ਦਿੱਤੀ। ਇਹਨਾਂ ਸਮਿਆਂ ਵਿਚ ਇਹਨਾਂ ਖੇਤਰਾਂ ਦਾ ਕੋਈ ਰਾਜਾ ਨਹੀਂ ਸੀ। ਤੀਜੇ ਪੱਧਰ ਤੇ ਉਸ ਨੇ ਇੰਗਲਿਸ਼ ਨਾਮ ਹੇਠ ਇੱਕ ਏਕੀਕ੍ਰਿਤ ਕੌਮ ਦਾ ਖਾਕਾ ਸਿਰਜਿਆ ਹੈ। ਬੀਡ ਅਨੁਸਾਰ ਤਿੰਨ ਵੱਖ ਵੱਖ ਜਰਮੈਨਿਕ ਮੂਲ ਦੇ ਲੋਕ ਜਿਨ੍ਹਾਂ ਵਿਚ ਸੈਕਸਨਜ਼, ਐਂਗਲਜ ਅਤੇ ਜੂਟਸ ਕ੍ਰਮਵਾਰ ਦੱਖਈ ਖੇਤਰਾਂ ਈਸਟ ਐਂਗਲੀਆਂ ਅਤੇ ਕੈਂਟ ਦੇ ਖੇਤਰਾਂ ਵਿਚ ਆਏ[14]। ਇਹ ਤੱਥ ਹੈਰਾਨੀ ਜਨਕ ਹੈ ਕਿ ਅੱਠਵੀਂ ਸਦੀ ਵਿਚ ਵੀਨਰੇਵਲ ਵੀਡ ਵੱਲੋਂ ਇੰਗਲਿਸ਼ ਕੌਮ ਦਾ

ਸਿਰਜਿਆ ਗਿਆ ਰੂਪ ਮੌਜੂਦਾ ਸਮੇਂ ਵਿਚ ਸੈਕਸ਼ਨ, ਐਂਗਲਜ਼ ਅਤੇ ਜੂਟ ਲੋਕਾਂ ਦੇ ਏਕੀਕ੍ਰਿਤ ਨੇਸ਼ਨ ਵਜੋਂ ਕਾਇਮ ਰਿਹਾ ਹੈ। ਅੱਠਵੀਂ ਸਦੀ ਵਿਚ ਵੀਰਨੇਵਲ ਬੀਡ ਨੇ **ਨੇਸ਼ਨ** ਸ਼ਬਦ ਦੀ ਵਰਤੋ ਇਸਾਈਅਤ ਦੀ ਧਾਰਮਿਕ ਪਛਾਣ ਲਈ ਕੀਤੀ। ਉਸ ਨੇ ਇਸ ਸ਼ਬਦ ਦੀ ਵਰਤੋ ਇਸਾਈਅਤ ਦੀ ਧਾਰਮਿਕ ਸਮਝ ਵਿਚੋਂ ਕੀਤੀ। ਇੰਗਲਿਸ਼ ਪਛਾਣ ਨੂੰ ਵੀਡ ਨੇ ਨੇਸ਼ਨ ਦਾ ਨਾਮ ਉਸ ਸਮੇਂ ਦਿੱਤਾ ਜਦੋਂ ਸਦੀਆਂ ਤੱਕ ਇੰਗਲਿਸ਼ ਰਾਜ ਦੀ ਕਿਸੇ ਨੇ ਕਲਪਣਾ ਵੀ ਨਹੀਂ ਸੀ ਕੀਤੀ।

ਇੰਗਲੈਂਡ ਦੇ ਰਾਜਿਆਂ ਅਤੇ ਰਾਣੀਆਂ ਨੇ ਅੰਗਰੇਜ਼ ਕੌਮ ਅਤੇ ਅੰਗਰੇਜ਼ੀ ਭਾਸ਼ਾ ਦੇ ਵਿਗਾਸ ਵਿਚ ਵੱਡੀ ਭੂਮਿਕਾ ਨਿਭਾਈ। ਰਾਜੇ ਅਲਫਰੇਡ (Alfred the great) (849-899) ਨੇ ਵਾਈਕਿੰਗ ਹਮਲਾਵਰਾਂ ਦਾ ਮੁਕਾਬਲਾ ਕਰਦਿਆਂ ਹੋਇਆ ਵੀ ਆਪਣੇ ਪੁਰਖਿਆਂ ਵੱਲੋਂ ਰਚੇ ਆਪਣੇ ਗਿਆਨ ਦੇ ਪ੍ਰਚਾਰ ਲਈ ਹੱਥ ਲਿਖਤਾਂ ਇਕੱਠੀਆਂ ਕੀਤੀਆਂ ਅਤੇ ਆਮ ਲੋਕਾਂ ਦੀ ਵਿਦਿਆ ਵੱਲ ਧਿਆਨ ਦਿੱਤਾ। ਹੈਰਾਨੀਜਨਕ ਤੱਥ ਇਹ ਹੈ ਕਿ ਰਾਜੇ ਅਲਫਰੇਡ ਨੇ ਇਸਾਈ ਧਰਮ ਦੀ ਭਾਸ਼ਾ ਲੈਟਿਨ ਨੂੰ ਆਮ ਲੋਕਾਂ ਦੀ ਵਿਦਿਆ ਦੀ ਭਾਸ਼ਾ ਨਹੀਂ ਬਣਾਇਆ ਬਲਕਿ ਲੋਕਾਂ ਦੀ ਆਪਣੀ ਬੋਲੀ ਅੰਗਰੇਜ਼ੀ ਨੂੰ ਵਿਦਿਅਕ ਭਾਸ਼ਾ ਵੱਲੋਂ ਲਾਗੂ ਕੀਤਾ। ਹੁਣ ਇਸ ਨੂੰ *ਪੁਰਾਣੀ ਅੰਗਰੇਜ਼ੀ* ਕਿਹਾ ਜਾਂਦਾ ਹੈ। ਰਾਜੇ ਅਲਫਰੇਡ ਦੀ ਇਸ ਭਾਸ਼ਾ ਨੀਤੀ ਨੇ ਪੁਰਾਣੀ ਅੰਗਰੇਜ਼ੀ ਦੇ ਸਤਿਕਾਰ ਵਿਚ ਅਥਾਹ ਵਾਧਾ ਕੀਤਾ। ਇਹੀ ਕਾਰਨ ਸੀ ਕਿ ਜਿਥੇ ਯੂਰਪ ਵਿਚ ਸਰਕਾਰੀ ਤੇ ਧਾਰਮਿਕ ਹੱਥ ਲਿਖਤਾਂ ਲੈਟਿਨ ਭਾਸ਼ਾ ਵਿਚ ਲਿਖੀਆਂ ਮਿਲਦੀਆਂ ਹਨ, ਉਥੇ ਇੰਗਲੈਂਡ ਵਿਚ ਜ਼ਿਆਦਾਤਰ ਸਰਕਾਰੀ ਤੇ ਧਾਰਮਿਕ ਲਿਖਤਾਂ ਦੀ ਭਾਸ਼ਾ ਪੁਰਾਣੀ ਅੰਗਰੇਜ਼ੀ ਹੈ। ਰਾਜੇ ਅਲਫਰੈਡ ਦੇ ਪੋਤੇ ਰਾਜੇ ਐਥਲਸਤਾਨ (894-939) ਨੇ ਹੇਪਟਾਰਕੀ (Heptarchy) ਨਾਂ ਦੇ ਅੰਗਰੇਜ਼ੀ ਰਾਜ ਨੂੰ ਏਕੇ ਵਿਚ ਬੰਨਿਆ। ਹੇਪਟਾਰਕੀ ਰਾਜ ਸੱਤ ਵੱਖਰੇ ਰਾਜਾਂ ਦੇ ਮਿਲਣ ਤੋਂ ਹੋਂਦ ਵਿਚ ਆਇਆ ਸੀ ਜਿਸ ਵਿਚ ਸਕਾਟਲੈਂਡ ਅਤੇ ਆਇਰਲੈਂਡ ਦੇ ਟਾਪੂ ਵੀ ਸ਼ਾਮਲ ਸਨ। ਦਸਵੀਂ ਸਦੀ ਵਿਚ ਹੀ ਇੱਕ ਧਾਰਮਿਕ ਆਗੂ ਐਲਫਰਿਕ ਨੇ 955 ਤੋਂ ਲੈ ਕੇ 1010 ਈਸਵੀ ਤੱਕ ਆਪਣੇ ਵਿਦਿਆਰਥੀਆਂ ਅਤੇ ਆਮ ਅੰਗਰੇਜ਼ ਲੋਕਾਂ ਲਈ ਅੰਗਰੇਜ਼ੀ ਭਾਸ਼ਾ ਵਿਚ ਕਈ ਲਿਖਤਾਂ ਲਿਖੀਆਂ[15]। ਲੋਕਾਂ ਦੀ ਆਪਣੀ ਭਾਸ਼ਾ ਵਿਚ ਲਿਖੀਆਂ ਇਹਨਾਂ ਪੁਰਾਤਨ ਹੱਥ ਲਿਖਤਾਂ ਨੇ ਇੰਗਲੈਂਡ ਦੀ ਕੌਮੀ ਪਛਾਣ ਅਤੇ ਇੱਕ ਕੌਮ ਵਜੋਂ ਵਿਕਸਿਤ ਹੋਣ ਵਿਚ ਵੱਡੀ ਭੂਮਿਕਾ ਨਿਭਾਈ। 1066 ਈ. ਤਕ ਇੰਗਲੈਂਡ ਨੂੰ ਇਸਦੀਆਂ ਪੱਕੀਆਂ ਖੇਤਰੀ ਹੱਦਾਂ ਨੂੰ ਧਾਰਮਿਕ ਏਕੇ ਤੋਂ ਵਿਕਸਤ ਹੋਏ ਰਾਜਨੀਤਕ ਏਕੇ, ਰਾਜੇ ਅਲਫਰੇਡ ਅਤੇ ਵੀਨਰੇਬਲ ਬੀਡ ਵਰਗੇ ਮਹਾਨ ਪੁਰਖਿਆਂ ਦੇ ਬੌਧਕ ਯੋਗਦਾਨ ਤੋਂ ਪੈਦਾ ਹੋਈ ਅਮੀਰ ਅਤੇ ਵਿਕਸਿਤ ਬੌਧਿਕ ਅਤੇ ਭਾਸ਼ਾਈ ਪਰੰਪਰਾ ਅਤੇ ਅੰਗਰੇਜ਼ੀ ਭਾਸ਼ਾ ਵਿਚ ਸਿਰਜੇ ਗਏ ਉੱਚ ਪੱਧਰੀ ਸਾਹਿਤ ਨੇ ਪੂਰੀ ਤਰਾਂ ਇੱਕ ਨੇਸ਼ਨ-ਸਟੇਟ ਦਾ ਰੂਪ ਦੇ ਦਿੱਤਾ ਸੀ। ਇੰਗਲੈਂਡ ਦੇ ਰਾਜਿਆਂ ਵੱਲੋਂ ਕੇਂਦਰੀ ਕ੍ਰਿਤ ਖੇਤਰੀ ਵੰਡ, ਜਿਸ ਨੂੰ ਸ਼ਾਇਰ ਦਾ ਨਾਮ ਦਿੱਤਾ ਗਿਆ ਸੀ ਅਤੇ ਸਿੱਕਿਆਂ ਦੀ ਪੂਰੀ ਤਰਾਂ ਸੁਰਖਿਅਤ ਢਲਾਈ ਨੇ ਕਰਾਂ ਦੀ ਪ੍ਰਣਾਲੀ ਨੂੰ ਯੂਰੋਪ ਦੇ ਦੂਜੇ ਰਾਜਾਂ ਤੋਂ ਬਿਹਤਰ ਬਣਾਇਆ[16]। ਪਰ ਨੌਰਮਨ ਸ਼ਾਸਕਾਂ ਦੀ ਇੰਗਲੈਂਡ ਉੱਤੇ ਜਿੱਤ (1066) ਨੇ ਇੰਗਲਿਸ਼ ਕੌਮ ਬੰਨ੍ਹਣ ਦੇ ਪਹਿਲੇ ਅਮਲ 'ਤੇ ਡੂੰਘੀ ਸੱਟ ਮਾਰੀ। ਨਵੇਂ ਸ਼ਾਸਕ ਵਰਗ ਦਾ ਝੁਕਾਅ ਇੰਗਲਿਸ਼ ਭਾਸ਼ਾ ਨਾਲੋਂ ਫਰੈਂਚ ਭਾਸ਼ਾ ਅਤੇ ਫਰਾਂਸ ਵਿਚ ਜ਼ਿਆਦਾ ਸੀ। ਇਸ ਬਦਲਾਅ ਦੇ ਸਿੱਟੇ ਵਜੋਂ ਇੰਗਲੈਂਡ ਦੇ ਕਾਨੂੰਨ ਅਤੇ ਸਾਹਿਤ ਦੀ ਭਾਸ਼ਾ ਵਜੋਂ ਅੰਗਰੇਜ਼ੀ ਭਾਸ਼ਾ 'ਤੇ ਬੁਰਾ ਅਸਰ ਪਿਆ। ਪਰ ਤੇਰਵੇਂ-ਚੌਦਵੀਂ ਸਦੀ ਤਕ ਇੰਗਲੈਂਡ ਵਿਚ ਅੰਗਰੇਜ਼ ਕੌਮ ਇੱਕ ਵਾਰ ਫੇਰ ਜੀਵਤ ਹੋ ਉੱਠੀ। ਪੂਰੀ ਤਰਾਂ ਹਾਰੀ ਹੋਈ ਅੰਗਰੇਜ਼ ਕੌਮ ਨੇ ਜੇਤੂ ਸ਼ਾਸਕਾਂ ਨੂੰ ਇੰਗਲਿਸ਼ ਪਛਾਣ ਵਿਚ ਜਜ਼ਬ ਕਰ ਲਿਆ। ਇਹ ਅਮਲ ਨੌਰਮਨ ਸ਼ਾਸਕਾਂ ਵੱਲੋਂ ਅੰਗਰੇਜ਼ ਔਰਤਾਂ ਨਾਲ ਵਿਆਹਾਂ ਦੇ ਸਿੱਟੇ ਵਜੋਂ ਵਾਪਰਿਆ। ਇਹਨਾਂ ਔਰਤਾਂ ਨੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਪਛਾਣ ਦਿੱਤੀ। ਨੌਰਮਨ ਜਿੱਤ ਤੋਂ ਪਹਿਲਾਂ ਦੇ ਰਾਜਨੀਤਿਕ ਢਾਂਚੇ, ਪ੍ਰਸ਼ਾਸਨਿਕ ਪ੍ਰਣਾਲੀ, ਧਾਰਮਿਕ ਪ੍ਰਬੰਧ, ਇੰਗਲੈਂਡ ਦੀ ਰਾਜ ਸੱਤਾ ਦੇ ਸਰੋਤ ਵਿਚ ਵਿਸ਼ਵਾਸ ਉਸੇ ਤਰਾਂ ਕਾਇਮ ਰਿਹਾ। ਐਂਗਲੋ ਸੇਕਸਨ ਸੰਤਾਂ ਦੀ ਪਰੰਪਰਾ ਦੀ ਹੋਂਦ ਵੀ ਕਾਇਮ ਰਹੀ। ਬਾਰ੍ਹਵੀਂ ਸਦੀ ਦੇ ਅੱਧ ਤੱਕ ਵੱਡੇ ਅੰਗਰੇਜ਼ੀ ਲੇਖਕਾਂ ਜਿਵੇਂ ਵਿਲੀਅਮ ਅਲਮਸਬਰੀ (W. Malmesbery), ਹੈਨਰੀ ਹਟਿੰਗਡਨ (H. Huntingdon), ਜਿਉਫਰੀ ਮਿਉਮੱਥ

(G.Monmouth) ਅਤੈ ਐਲਰਿਡ ਰਿਵੌਕਸ (Arievaulx) ਆਦਿ ਦੀਆਂ ਲਿਖਤਾਂ ਨੇ ਅੰਗਰੇਜ਼ ਪਛਾਣ ਨੂੰ ਅੰਗਰੇਜ਼ ਧਰਤੀ ਨਾਲ ਜੋੜ ਦਿੱਤਾ। ਅੰਗਰੇਜ਼ੀ ਪਛਾਣ ਦੀ ਇਸ ਚੜ੍ਹਤ ਨੇ ਗੈਰ ਅੰਗਰੇਜ਼ੀ ਜੇਤੂ ਸ਼ਾਸਕਾਂ ਨੂੰ ਅੰਗਰੇਜ਼ੀ ਪਛਾਣ ਵਿਚ ਜਜ਼ਬ ਹੋਣ ਲਈ ਮਜਬੂਰ ਕਰ ਦਿੱਤਾ। ਇਸੇ ਤਰਾਂ ਇੰਗਲੈਂਡ ਦੇ ਆਮ ਲੋਕਾਂ ਅਤੇ ਲੇਖਕਾਂ ਵੱਲੋਂ ਅੰਗਰੇਜ਼ੀ ਭਾਸ਼ਾ ਅਤੇ ਅੰਗਰੇਜ਼ੀ ਪਛਾਣ ਲਈ ਹਮੇਸ਼ਾ ਸਵੈ ਚੇਤੰਨ ਰਹਿਣ ਦੇ ਅਮਲ ਨੇ ਬਿਗਾਨੇ ਸ਼ਾਸਕਾਂ ਦੀ ਫਰੈਂਚ ਸਭਿਆਚਾਰਕ ਨੀਤੀ ਨੂੰ ਬੁਰੀ ਤਰਾਂ ਅਸਫ਼ਲ ਕਰ ਦਿੱਤਾ। ਨਾਰਮਨ ਸ਼ਾਸਕਾਂ ਦੇ ਅੰਗਰੇਜ਼ੀ ਪਛਾਣ ਵਿਚ ਜਜ਼ਬ ਹੋਣ ਨਾਲ ਅੰਗਰੇਜ਼ ਕੌਮ ਦੇ ਸੁਭਾਅ ਵਿਚ ਵੱਡੇ ਬਦਲਾਅ ਆਏ। ਨਾਰਮਨ ਸ਼ਾਸਕ ਲੜਾਕਿਆਂ ਅਤੇ ਬਹਾਦਰਾਂ ਦਾ ਸਮੂਹ ਸੀ। ਜਿਨ੍ਹਾਂ ਨੇ ਅੰਗਰੇਜ਼ ਕੌਮ ਨੂੰ ਬਾਅਦ ਵਿਚ ਸਾਮਰਾਜੀ ਮਾਨਸਿਕਤਾ ਦਿੱਤੀ[17]। ਅੰਗਰੇਜ਼ ਰਾਸ਼ਟਰਵਾਦ ਇਸੇ ਮਾਨਸਿਕਤਾ ਹੇਠ ਸਾਮਰਾਜੀ ਰੂਪ ਧਾਰਨ ਕਰ ਗਿਆ। ਪੰਦ੍ਰਵੀਂ ਸਦੀ ਵਿਚ ਬਾਈਬਲ ਦੇ ਅੰਗਰੇਜ਼ੀ ਅਨੁਵਾਦ ਦੇ ਆਉਣ ਨਾਲ ਅੰਗਰੇਜ਼ ਕੌਮੀ ਭਾਵਨਾ ਹੋਰ ਪੱਕੀ ਹੋ ਗਈ। ਇਸ ਅਮਲ ਨੇ ਇੰਗਲੈਂਡ ਦੇ ਆਮ ਲੋਕਾਂ ਦੀ ਵਿਦਿਅਕ ਤਰੱਕੀ ਵਿਚ ਖਾਸਾ ਯੋਗਦਾਨ ਪਾਇਆ। ਚੌਸਰ ਕਾਲ (1300+) ਵਿਚ ਇੰਗਲੈਂਡ ਵਿਚ ਕਲਾ ਅਤੇ ਭਵਨ ਨਿਰਮਾਣ ਦੇ ਖੇਤਰ ਵਿਚ ਉੱਚ ਪੱਧਰ ਦੀ ਤਰੱਕੀ ਹੋਈ। ਤੀਰ ਅੰਦਾਜ਼ੀ ਅੰਗਰੇਜ਼ੀ ਕੌਮਵਾਦ ਦਾ ਚਿੰਨ ਬਣ ਗਈ। ਅੰਗਰੇਜ਼ ਫ਼ੌਜਾਂ ਵੱਲੋਂ ਲੜੀਆਂ ਕਰੇਸੀ (Crecy, 1346) ਅਤੇ ਐਜਿਨਕੋਰਟ (Agincourt, 1415) ਵਰਗੀਆਂ ਜੰਗਾਂ ਨੇ ਕੌਮੀ ਮਾਨਸਿਕਤਾ ’ਤੇ ਡੂੰਘੇ ਅਸਰ ਪਾਏ। ਇਹਨਾਂ ਜੰਗਾਂ ਨੇ ਇਸ ਵਿਚਾਰ ਨੂੰ ਪੱਕਿਆਂ ਕੀਤਾ ਕਿ ਜੰਗਾਂ ਵਿਚ ਜਿੱਤਾਂ ਸਿਰਫ਼ ਰਾਜਿਆਂ ਅਤੇ ਕੁਲੀਨ ਵਰਗ ਦੀਆਂ ਜਿੱਤਾਂ ਹੀ ਨਹੀਂ ਹੁੰਦੀਆਂ ਬਲਕਿ ਇਹ ਕੌਮ ਦੀਆਂ ਜਿੱਤਾਂ ਵੀ ਹੁੰਦੀਆਂ ਹਨ[18]। **ਮੈਗਨਾ ਕਾਰਟਾ ਚਾਰਟਰ (1215)** ਨੇ ਇੰਗਲੈਂਡ ਨੂੰ ਹੋਰ ਪਰਿਪੱਕ *ਨੇਸ਼ਨ-ਸਟੇਟ* ਵਜੋਂ ਥਾਪ ਦਿੱਤਾ। ਇਸ ਮਹਾਨ ਚਾਰਟਰ ਵਿਚ **ਦਰਜ ਰਾਜਨੀਤਕ ਨੀਤੀਆਂ** ਨੇ ਇੰਗਲੈਂਡ ਦੀ ਪਾਰਲੀਮੈਂਟਰੀ ਪ੍ਰਣਾਲੀ ਦੇ ਵਿਗਾਸ ਵਿਚ ਵੱਡਾ ਯੋਗਦਾਨ ਪਾਇਆ, ਜਿਸ ਨੇ ਰਾਜਤੰਤਰ ਨੂੰ **ਅੰਗਰੇਜ਼ ਕੌਮ** ਅਤੇ **ਇਸ ਵੱਲੋਂ ਸਿਰਜੇ ਕਾਨੂੰਨੀ ਢਾਂਚੇ ਦੇ ਅਧੀਨ** ਕਰ ਦਿੱਤਾ। ਚੌਂਦਵੀਂ ਸਦੀ ਤੋਂ ਬਾਅਦ ਇੰਗਲੈਂਡ ਵਿਚ ਨੇਸ਼ਨ-ਸਟੇਟ ਦੇ ਵਿਗਾਸ ਨੂੰ ਕੋਈ ਹੋਰ ਰਾਜਸੀ ਵਰਤਾਰਾ ਬਦਲ ਨਹੀਂ ਸਕਿਆ। ਇਸ ਸੰਦਰਭ ਵਿਚ ਇੱਕ ਹੋਰ ਤੱਥ ਮਹੱਤਵਪੂਰਨ ਹੈ ਕਿ ਇੰਗਲੈਂਡ ਵਿਚ *ਨੇਸ਼ਨ-ਸਟੇਟ* ਦੇ ਵਿਗਾਸ ਅਮਲ ਵਿਚ ਧਰਮ ਦਾ ਬਹੁਤ ਯੋਗਦਾਨ ਨਹੀਂ ਹੈ। ਭਾਵੇਂ ਕਿ ਇਹ ਵੱਖਰੀ ਗੱਲ ਹੈ ਕਿ ਇਸਾਈ ਧਾਰਮਿਕ ਸੱਤਾ ਦਾ ਮੱਧ ਯੁੱਗ ਵਿਚ ਅੰਗਰੇਜ਼ ਕੌਮ ਦੀ ਸਿਰਜਣਾ ਵਿਚ ਵੱਡਾ ਯੋਗਦਾਨ ਰਿਹਾ ਹੈ। ਚਰਚ ਅਤੇ ਧਾਰਮਿਕ ਆਗੂਆਂ ਨੇ ਅੰਗਰੇਜ਼ ਕੌਮ ਦੇ ਏਕੇ ਨੂੰ ਮਜ਼ਬੂਤ ਕਰਨ ਵਿਚ ਵੱਡੀ ਭੂਮਿਕਾ ਨਿਭਾਈ। ਚਰਚ ਆਗੂਆਂ ਵੱਲੋਂ ਕੌਮੀ ਸੱਤਾ ਅਤੇ ਸਰਵਵਿਆਪਕ ਇਸਾਈ ਧਾਰਮਿਕ ਸੱਤਾ ਵਿਚ ਫਰਕ ਨਾ ਕਰਕੇ ਸਰਵ ਵਿਆਪਕ ਇਸਾਈ ਧਾਰਮਿਕ ਸੱਤਾ ਨੂੰ ਵੱਧ ਮਹੱਤਵ ਦੇਣ ਦੀ ਨੀਤੀ ਨੇ ਅੰਗਰੇਜ਼ੀ ਚਰਚ ਦੀ ਤਾਕਤ ਨੂੰ ਵੱਡੀ ਪੱਧਰ ’ਤੇ ਘਟਾ ਦਿੱਤਾ। 1533 ਈਸਵੀ ਵਿਚ ਹੈਨਰੀ ਅੱਠਵੇਂ ਨੇ ਇੰਗਲੈਂਡ ਦੇ ਸਾਮਰਾਜ ਨੂੰ ਬਾਕੀ ਹੋਰ ਸੱਤਾ ਦੇ ਕੇਂਦਰਾਂ ਤੋਂ ਉੱਚਾ ਐਲਾਨ ਦਿੱਤਾ। ਵੀਨਰੇਬਲ ਬੀਡ ਤੋਂ ਲੈ ਕੇ ਹੇਨਰੀ-8 ਤੱਕ ਇੰਗਲੈਂਡ ਦੀ ਅੰਗਰੇਜ਼ ਕੌਮ ਨੇ ਸੱਤ ਸਦੀਆਂ ਦੇ ਵੱਡੇ ਸਮਾਜਿਕ ਤੇ ਰਾਜਸੀ ਬਦਲਾਅ ਸਹਿਣ ਕੀਤੇ। ਇੰਗਲੈਂਡ ਦੇ ਮੱਧ ਯੁੱਗ ਦੇ ਵੀਡ ਵਰਗੇ ਇਤਿਹਾਸਕਾਰਾਂ , **ਅੰਗਰੇਜ਼ੀ ਭਾਸ਼ਾ ਵਿਚ ਲਿਖੇ ਗਏ ਸਾਹਿਤ**, ਅੰਗਰੇਜ਼ੀ ਕੌਮ ਦੇ ਮੱਧ ਯੁੱਗ ਵਿਚ ਜਨਮ ਲੈਣ ਦੀਆਂ ਮਿੱਥਾਂ , ਇੰਗਲਿਸ਼ ਖੇਤਰਾਂ ਦੇ ਨਾਵਾਂ ਜਿਵੇਂ ਸ਼ਾਇਰ ਤੇ ਬੋਰੋ ਆਦਿ, **ਪਾਰਲੀਮੈਂਟਰੀ ਪ੍ਰਣਾਲੀ ਦਾ ਵਿਕਾਸ, ਚੋਣਾਂ ਦੀ ਪਰੰਪਰਾ , ਜੰਗਾਂ ਅਤੇ ਹਥਿਆਰਾਂ , ਭਵਨ ਨਿਰਮਾਣ ਕਲਾ** ਆਦਿ ਦੇ ਵਿਗਾਸ ਨੇ ਅੰਗਰੇਜ਼ ਕੌਮ ਨੂੰ ਮਜ਼ਬੂਤ ਰੂਪ ਦਿੱਤਾ[19]। 1849 ਈਸਵੀ ਵਿਚ ਸਿੱਖ ਫ਼ੌਜ ਦੀ ਹਾਰ ਤੋਂ ਬਾਅਦ ਪੰਜਾਬ ਅਤੇ ਸਿੱਖ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣ ਗਏ। ਇਸ ਤੋਂ ਬਾਅਦ 1947 ਈ. ਤੱਕ ਦਾ ਸਿੱਖ ਇਤਿਹਾਸ ਯੂਰੋਪ ਵਿਚ **ਨੇਸ਼ਨ-ਸਟੇਟ** ਅਤੇ ਇੰਗਲੈਂਡ ਵਿਚ **ਇੰਗਲਿਸ਼ ਨੇਸ਼ਨ-ਸਟੇਟ** ਦੇ ਵਿਗਾਸ ਅਮਲ ਨੂੰ ਸਮਝਣ, ਜਾਨਣ ਤੇ ਇਸ ਆਧਾਰ ਤੇ ਨੀਤੀਆਂ ਬਣਾ ਸਕਣ ਵਿਚ ਅਸਫਲ ਰਹਿਣ ਦਾ ਦੁਖਾਂਤਕ ਵਰਤਾਰਾ ਹੈ।

## 5 ਗਲਤ ਕਾਰਜਪ੍ਰਣਾਲੀ

ਇਸ ਭਾਗ ਵਿਚ **ਬ੍ਰਿਟਿਸ਼ ਕਾਲ ਦੌਰਾਨ ਸਿੱਖ ਬੌਧਿਕਤਾ ਵੱਲੋਂ ਨੇਸ਼ਨ ਸਟੇਟ ਦੇ ਵਰਤਾਰੇ ਬਾਰੇ ਨਾ ਜਾਣਨ ਦੇ ਰਾਜਨੀਤਿਕ ਰਾਜਨੀਤਿਕ** ਅਸਰਾਂ ਦੀ ਵਿਆਖਿਆ ਹੋਵੇਗੀ। ਸਿੱਖਾਂ ਦਾ *ਨੇਸ਼ਨ-ਸਟੇਟ* ਦੇ ਵਰਤਾਰੇ ਨਾਲ ਸਿੱਧਾਂ ਵਾਹ ਖ਼ਾਲਸਾ ਫ਼ੌਜ ਦੀ ਹਾਰ ਤੋਂ ਬਾਅਦ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣ ਜਾਣ ਨਾਲ ਪਿਆ। *ਨੇਸ਼ਨ-ਸਟੇਟ* ਕੌਮੀ ਤੱਤਾਂ ਦੇ ਖਾਸ ਖੇਤਰ ਨਾਲ ਜੁੜਨ ਨਾਲ ਵਿਕਸਿਤ ਹੋਇਆ ਵਰਤਾਰਾ ਹੈ। **ਇਹ ਰਾਜਨੀਤਿਕ ਭਾਈਚਾਰੇ ਜਿਸ ਨੂੰ ਕੌਮ ਦਾ ਨਾਮ ਦਿੱਤਾ ਗਿਆ, ਬੋਲੀ ਅਤੇ ਆਪਣੀ ਮਾਤ ਭੂਮੀ ਨਾਲ ਲਗਾਅ ਤੋਂ ਉਪਜਿਆ ਸੰਕਲਪ ਹੈ।** ਯੂਰਪ ਵਿਚ ਮੱਧ ਯੂਰਪ ਅਤੇ ਪੂਰਬੀ ਯੂਰਪ ਦੀਆਂ ਕੌਮਾਂ ਨੇ ਇਸੇ ਆਧਾਰ 'ਤੇ ਆਪਣੇ ਰਾਜ ਸਿਰਜੇ ਸਨ। **ਸਿੱਖ ਇੱਕ ਰਾਜਨੀਤਿਕ ਭਾਈਚਾਰੇ ਵਜੋਂ ਤਾਂ ਵਿਕਾਸ ਕਰ ਗਏ ਸਨ ਪਰ ਬੋਲੀ ਅਤੇ ਮਾਤ ਭੂਮੀ ਦੇ ਸੰਕਲਪਾਂ ਦੀ ਰਾਜਸੀ ਤਾਕਤ ਕਈ ਵਰਤੋ ਬਾਰੇ ਪੂਰੀ ਤਰਾਂ ਚੇਤੰਨ ਨਹੀਂ ਸਨ।** ਸਿੱਖ ਰਾਜ ਦੌਰਾਨ ਅਪਣਾਇਆ ਗਿਆ *ਮੁਗਲ ਰਾਜਸੀ ਮਾਡਲ* ਇਸ ਕਮਜੋਰੀ ਦਾ ਵੱਡਾ ਕਾਰਨ ਸੀ। ਦੂਜਾ ਪੱਕੀਆਂ ਹੱਦਾਂ ਦੀ ਚੇਤਨਾ ਵੀ ਸਿੱਖ ਵਿਹਾਰ ਦਾ ਹਿੱਸਾ ਨਹੀਂ ਸੀ ਬਣੀ। ਇਸ ਦਾ ਕਾਰਨ ਵੀ ਮੁਗਲ ਰਾਜਸੀ ਮਾਡਲ ਸੀ।

ਮੁਗਲ ਰਾਜਤੰਤਰ ਰਾਜੇ ਤੇ ਦਰਬਾਰੀ, ਜਿਨ੍ਹਾਂ ਨੂੰ ਮਨਸਬਦਾਰ ਕਿਹਾ ਜਾਂਦਾ ਸੀ, ਵਿਚਕਾਰ ਸੰਬੰਧਾਂ 'ਤੇ ਆਧਾਰਿਤ ਸਾਮਰਾਜ ਸੀ। ਇੱਕ  ਅੰਦਾਜ਼ੇ ਅਨੁਸਾਰ ਇੰਨਾ ਮਨਸਬਦਾਰਾਂ ਦੀ ਗਿਣਤੀ 500 ਤੋਂ ਲੈ ਕੇ 1000 ਤੱਕ ਸੀ। ਮੁਗਲ ਸਾਮਰਾਜ ਦੀ ਸਾਰੀ ਪਰਜਾ ਇਹਨਾਂ ਮਨਸਬਦਾਰਾਂ ਦੇ ਅਗਲੇ ਅਮਲੇ ਦੇ ਅਧੀਨ ਸੀ। ਇਹਨਾਂ ਮਨਸਬਦਾਰਾਂ ਦਾ ਮੁਗਲ ਰਾਜੇ ਨਾਲ ਸਬੰਧ , ਰਾਜੇ ਵੱਲੋਂ ਦਿੱਤੀ ਜਾਂਦੀ ਰਾਜਨੀਤਿਕ, ਆਰਥਿਕ ਅਤੇ ਫ਼ੌਜੀ ਸਰਪ੍ਰਸਤੀ 'ਤੇ ਆਧਾਰਿਤ ਸੀ। ਧਰਮ ਜਾਂ ਨਸਲ ਇਹਨਾਂ ਮਨਸਬਦਾਰਾਂ ਦੀ ਰਾਜੇ ਲਈ ਵਫ਼ਾਦਾਰੀ ਦਾ ਆਧਾਰ ਨਹੀਂ ਸੀ। 1658 ਤੋਂ 1678 ਤੱਕ ਔਰੰਗਜ਼ੇਬ ਦੇ ਉੱਚੇ ਅਹੁਦਿਆਂ ਵਾਲੇ ਮਨਸਬਦਾਰਾਂ ਵਿਚੋਂ 49 ਪ੍ਰਤੀਸ਼ਤ ਹਿੰਦੂ ਸਨ ਜਾਂ ਗੈਰ ਹਿੰਦੁਸਤਾਨੀ ਸਨ। ਸ਼ਾਹ ਜਹਾਨ ਦੇ ਕਾਲ (1628-58) ਦੌਰਾਨ ਜ਼ਿਆਦਾਤਰ ਦਰਬਾਰੀ ਜਾਂ ਕੁਲੀਨ ਵਰਗ ਦੇ ਮਨਸਬਦਾਰ ਸਿਰਫ਼ ਪਰਸ਼ੀਆ ਜਾਂ ਮੱਧ ਏਸ਼ੀਆ ਤੋਂ ਹੀ ਨਹੀਂ ਸੀ ਆਏ ਬਲਕਿ ਇਹ ਸਤਾਰਾਂ ਵੱਖਰੇ ਖੇਤਰਾਂ ਨਾਲ ਸਬੰਧਿਤ ਸਨ। ਇਸ ਰਾਜਨੀਤਿਕ ਪ੍ਰਣਾਲੀ ਵਿਚ ਰਾਜੇ ਅਤੇ ਦਰਬਾਰੀਆਂ ਤੇ ਦਰਬਾਰੀਆਂ ਤੇ ਰਾਜੇ ਵਿਚਕਾਰ ਕੋਈ ਕੌਮੀ ਜਾਂ ਖੇਤਰੀ ਲਗਾਅ ਪੈਦਾ ਨਹੀਂ ਸੀ ਹੋਇਆ। ਨਾ ਹੀ ਮੁਗਲ ਸਾਮਰਾਜ ਲਈ ਕੋਈ ਦੇਸ਼ ਭਗਤੀ ਵਰਗੀ ਭਾਵਨਾ ਇਹਨਾਂ ਦਰਬਾਰੀਆਂ ਵਿਚ ਪਣਪ ਸਕੀ ਸੀ। ਦਰਬਾਰੀਆਂ ਲਈ ਮੁਗਲ ਰਾਜੇ ਦੀ ਮਹੱਤਤਾ ਸਿਰਫ਼ ਉਸ ਦੀ ਫ਼ੌਜੀ ਸਮਰੱਥਾ ਜਾਂ ਜੇਤੂ ਰਹਿਣ ਤੋਂ ਮਿਲਣ ਵਾਲੇ ਫ਼ਾਇਦਿਆਂ ਤੱਕ ਹੀ ਸੀ। ਦਰਬਾਰੀਆਂ ਨੂੰ ਦਿਨ ਵਿਚ ਦੋ ਵਾਰ ਰਾਜੇ ਦੇ ਦਰਬਾਰ ਵਿਚ ਹਾਜ਼ਰ ਹੋਣ ਪੈਂਦਾ ਸੀ। ਇਸ ਪ੍ਰਥਾ ਨੇ ਰਾਜੇ ਦੀ ਸਿਹਤ ਅਤੇ ਜਿਉਂਦੇ ਹੋਣ ਬਾਰੇ ਹਮੇਸ਼ਾ ਜਾਣਕਾਰੀ ਰੱਖਣ ਦੀ ਲੋੜ ਪੈਦਾ ਕੀਤੀ। ਰਾਜੇ ਦੀ ਸਿਹਤ ਦੀ ਖ਼ਰਾਬੀ ਜਾਂ ਮੌਤ ਦੀ ਝੂਠੀ ਅਫ਼ਵਾਹ ਹੀ ਦਰਬਾਰੀਆਂ ਦੀ ਵਫ਼ਾਦਾਰੀ ਬਦਲਣ ਲਈ ਕਾਫ਼ੀ ਹੁੰਦੀ ਸੀ। ਇਸੇ ਵਰਤਾਰੇ ਤੋਂ ਔਰੰਗਜ਼ੇਬ ਨੇ ਸਬਕ ਸਿੱਖਿਆ ਸੀ ਅਤੇ ਉਹ ਗੰਭੀਰ ਬਿਮਾਰ ਹੁੰਦਿਆਂ ਵੀ ਡਿੱਗਦਾ ਢਹਿੰਦਾ ਆਪਣੇ ਦਰਬਾਰ ਵਿਚ ਦਿਨ ਵਿਚ ਇਕ ਵਾਰ ਜ਼ਰੂਰ ਆਉਂਦਾ ਸੀ। ਇਸ ਤੋਂ ਇਲਾਵਾ ਰਾਜੇ ਦੀ ਬਹਾਦਰੀ ਦਾ ਵਿਸ਼ਵਾਸ ਵੀ ਦਰਬਾਰੀਆਂ ਵਿਚ ਵਫ਼ਾਦਾਰੀ ਪੈਦਾ ਕਰਨ ਦਾ ਸਰੋਤ ਸੀ। 1658 ਵਿਚ ਔਰੰਗਜੇਬ ਅਤੇ ਮੁਰਾਦ ਬਖ਼ਸ਼ ਵਲੋਂ ਦਾਰਾ ਸ਼ਿਕੋਹ ਨੂੰ ਹਰਾ ਦੇਣ ਦੀ ਖ਼ਬਰ ਫੈਲੀ ਤਾਂ ਸ਼ਾਹ ਜਹਾਨ ਦੇ ਦਰਬਾਰੀਆਂ ਦੀਆਂ ਵਫ਼ਾਦਾਰੀਆਂ ਇੱਕ ਦਮ ਬਦਲ ਗਈਆਂ ਸਨ। ਦਰਬਾਰੀਆਂ ਦੇ ਅਹੁਦਿਆਂ ਬਾਰੇ ਫੈਸਲਾ ਵੀ ਇਹਨਾਂ ਦੇ ਜੰਗੀ ਮੁਹਿੰਮਾਂ ਦੌਰਾਨ ਪਾਏ ਯੋਗਦਾਨ ਉੱਤੇ ਹੀ ਆਧਾਰਿਤ ਸੀ। ਇਸ ਤਰਾਂ ਮੁਗਲ ਰਾਜਤੰਤਰਿਕ ਪ੍ਰਣਾਲੀ ਵਿਚ ਮਨਸਬਦਾਰਾਂ ਦੀ ਵਫ਼ਾਦਾਰੀ ਹੀ ਸਾਮਰਾਜ ਦਾ ਆਧਾਰ ਸੀ। ਪਰਜਾ ਦੀ ਵਫ਼ਾਦਾਰੀ ਸਾਮਰਾਜ ਨਾਲ ਨਾ ਹੋ ਕੇ ਆਪਣੇ ਸਮਾਜਿਕ ਸਮੂਹ ਨਾਲ ਸੀ। ਰਾਜੇ ਦੀ ਵਫ਼ਾਦਾਰੀ ਉਸ ਦਾ ਮਨਸਬਦਾਰ

ਬਣ ਕੇ ਹੀ ਪਾਈ ਜਾ ਸਕਦੀ ਸੀ[20]। ਇਹੀ ਕਾਰਨ ਸੀ ਕਿ ਇਹਨਾਂ ਦਰਬਾਰੀਆਂ ਅਤੇ ਮਨਸਬਦਾਰਾਂ ਵੱਲੋਂ ਵਫ਼ਾਦਾਰੀ ਬਦਲਣ ਜਾਂ ਜੰਗਾਂ ਵਿਚ ਹਾਰਾਂ ਨੇ ਮੁਗਲ ਸਾਮਰਾਜ ਦੇ ਖ਼ਾਤਮੇ ਵਿਚ ਵੱਡੀ ਭੂਮਿਕਾ ਅਦਾ ਕੀਤੀ। ਅਫ਼ਗਾਨਾਂ ਅਤੇ ਮੁਗਲਾਂ ਵਿਚਕਾਰ ਜੰਗਾਂ ਨੇ ਪੰਜਾਬ ਵਿਚ ਮੁਗਲ ਤਾਕਤ ਨੂੰ ਕਮਜ਼ੋਰ ਕਰ ਦਿੱਤਾ। ਇਸ ਦੇ ਸਿੱਟੇ ਵਜੋਂ ਸਿੱਖ 18ਵੀਂ ਸਦੀ ਦੇ ਅਖੀਰ ਤੱਕ ਪੰਜਾਬ ਦੇ ਰਾਜਨੀਤਿਕ ਮਾਲਕ ਬਣ ਗਏ। ਸਿੱਖ, ਖ਼ਾਲਸਾ ਪੰਥ ਦੀ ਸਾਂਝੀ ਤਾਕਤ ਨਾਲ ਸੱਤਾ ਵਿਚ ਆਏ ਸਨ। **ਖ਼ਾਲਸਾ ਪੰਥ ਆਮ ਕਿਸਾਨਾਂ, ਕਾਰੀਗਰਾਂ ਦਾ ਰਾਜਨੀਤਿਕ ਭਾਈਚਾਰਾ ਸੀ, ਜਿਨ੍ਹਾਂ ਦੀ ਗੁਰੂ ਸਾਹਿਬਾਨ ਵਿਚ ਅਤੁੱਟ ਸ਼ਰਧਾ ਅਤੇ ਗੁਰੂ ਗਰੰਥ ਸਾਹਿਬ ਤੇ ਗੁਰਮੁਖੀ ਲਿਪੀ ਲਈ ਡੂੰਘਾ ਵਿਸ਼ਵਾਸ ਤੇ ਲਗਾਅ ਸੀ।** 1709 ਤੋਂ 1715 ਤੱਕ ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਰਾਜ ਕਰਨ ਦੇ ਕਈ ਵਿਹਾਰਕ ਸਬਕ ਦਿੱਤੇ ਸੀ। ਮੁਗਲਾਂ ਨਾਲ ਹੋਂਦ ਦੀ ਜੰਗ ਦੌਰਾਨ ਸਿੱਖਾਂ ਨੇ ਕਈ ਸੰਗਠਨਾਤਮਕ ਢਾਂਚੇ ਸਿਰਜੇ ਸਨ। ਜਿਨ੍ਹਾਂ ਵਿਚ ਮਿਸਲਾਂ ਦੀ ਸਿਰਜਣਾ ਮੁੱਖ ਸੀ। ਮੁਗਲਾਂ ਖ਼ਿਲਾਫ਼ ਜੰਗ ਲੜਨ ਲਈ ਨੀਤੀਗਤ ਫੈਸਲੇ ਲੈਣ ਲਈ ਗੁਰਮਤੇ ਕਰਕੇ ਸਾਂਝੇ ਫੈਸਲੇ ਲੈਣ ਅਤੇ ਦਲ ਖ਼ਾਲਸਾ ਦੇ ਰੂਪ ਵਿਚ ਸਾਂਝੀ ਫ਼ੌਜੀ ਤਾਕਤ ਸਿਰਜਣਾ ਇਸ ਦੌਰ ਦੀ ਵੱਡੀ ਪ੍ਰਾਪਤੀ ਸੀ। ਪਰ ਮਿਸਲਾਂ ਦੀਆਂ ਆਪਸੀ ਜੰਗਾਂ ਨੇ 19ਵੀਂ ਸਦੀ ਦੇ ਸ਼ੁਰੂਆਤੀ ਦੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਏਕੀਕ੍ਰਿਤ ਅਤੇ ਸੰਗਠਿਤ ਸਿੱਖ ਰਾਜ ਸਿਰਜਣ ਲਈ ਜ਼ਮੀਨ ਤਿਆਰ ਕੀਤੀ। 1800 ਈ. ਤੱਕ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਦੀ ਰਾਜ ਸੱਤਾ ’ਤੇ ਕਬਜ਼ਾ ਕਰ ਲਿਆ ਸੀ ਅਤੇ ਸਿੱਖ ਰਾਜ ਥਾਪ ਦਿੱਤਾ ਸੀ।

## 6 ਸਮੱਸਿਆ ਭਰਪੂਰ ਅਭਿਆਸ ਅਤੇ ਨੁਕਸਦਾਰ ਨਜ਼ਰ

ਮਹਾਰਾਜਾ ਰਣਜੀਤ ਸਿੰਘ ਵੱਲੋਂ ਰਾਜਨੀਤਿਕ ਤਾਕਤ ਦੀ ਵੰਡ ਭਾਵੇਂ ਹੇਠਲੇ ਪੱਧਰ ਤੱਕ ਕੀਤੀ ਗਈ ਸੀ ਪਰ ਸਿੱਖ ਰਾਜ ਦਾ ਸੰਗਠਨਾਤਮਕ ਅਤੇ ਪ੍ਰਸ਼ਾਸਕੀ ਢਾਂਚਾ ਮੁਗਲ ਰਾਜਤੰਤਰ ਵਰਗਾ ਹੀ ਸੀ। ਸਿੱਖ ਰਾਜ ਦੀ ਖੇਤਰੀ ਵੰਡ ਵੀ ਮੁਗਲ ਰਾਜ ਵਰਗੀ ਹੀ ਸੀ ਜਿਵੇਂ ਪਹਿਲੇ ਪੱਧਰ ’ਤੇ **ਸੂਬੇ**, ਦੂਜੇ ਪੱਧਰ ’ਤੇ **ਤਾਲੂਕੇ** ਅਤੇ ਤੀਜੇ ਪਿੰਡ ਪੱਧਰ ’ਤੇ **ਤਪੇ** ਬਣਾਏ ਗਏ ਸਨ। ਕਸ਼ਮੀਰ ਅਤੇ ਮੁਲਤਾਨ ਨੂੰ ਜਿੱਤਣ ਤੋਂ ਬਾਅਦ ਇਹਨਾਂ ਖੇਤਰਾਂ ਵਿਚ ਸੱਤਾ ਦਾ ਢਾਂਚਾ ਵੀ ਮੁਗਲਾਂ ਵਾਲਾ ਹੀ ਸੀ। ਜਗੀਰਦਾਰੀ ਦੇ ਢਾਂਚੇ ਦਾ ਵਿਕਾਸ ਸਿੱਖ ਰਾਜ ਦੇ ਆਰਥਿਕ ਮਸਲਿਆਂ ਅਤੇ ਫ਼ੌਜੀ ਤਾਕਤ ਵਧਾਉਣ ਲਈ ਕੀਤਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਇੱਕ ਰਾਜਨੀਤਿਕ ਸ਼ਾਸਕੀ ਵਰਗ ਪੈਦਾ ਹੋਇਆ, ਜਿਸ ਦਾ ਰੂਪ ਮੁਗਲ ਕਾਲ ਦੇ ਮਨਸਬਦਾਰਾਂ ਵਰਗਾ ਹੀ ਸੀ। ਇਹ ਦਰਬਾਰੀ ਵਰਗ ਜਿਸ ਵਿਚ ਕੁਝ ਸਿੱਖ ਸਰਦਾਰ, ਖੱਤਰੀ ਬ੍ਰਾਹਮਣ , ਕੁਝ ਸੱਯਦ, ਪਠਾਣ ਅਤੇ ਕੁਝ ਯੂਰਪੀਅਨ ਸ਼ਾਮਿਲ ਸਨ, ਜੋ ਸਿੱਖ ਰਾਜ ਦੀ ਰਾਜਨੀਤਿਕ ਤਾਕਤ ਅਤੇ ਆਰਥਿਕ ਵਸੀਲਿਆਂ ਉੱਤੇ ਮੰਤਰੀਆਂ , ਦਰਬਾਰੀਆਂ ਅਤੇ ਗਵਰਨਰਾਂ ਅਤੇ ਮੁਖੀਆਂ ਦੇ ਰੂਪ ਵਿਚ ਕਾਬਜ਼ ਸਨ। ਸਿੱਖ ਰਾਜ ਦੇ ਦੂਜੇ ਪੱਧਰ ਉੱਤੇ ਮੁਸਲਮਾਨ ਚੌਧਰੀਆਂ , ਮੁਕਦਮਾ , ਕਾਨੂੰਨਗੋਆਂ ਅਤੇ ਕਾਜ਼ੀਆਂ ਦਾ ਦਬਦਬਾ ਸੀ, ਜਿਨ੍ਹਾਂ ਕੋਲ ਵੱਡੀਆਂ ਜਾਗੀਰਾਂ ਸਨ। ਮੁਸਲਮ ਅਤੇ ਹਿੰਦੂ ਧਰਮਾਂ ਦੇ ਸੰਦਰਭ ਵਿਚ **ਰਾਜ ਕਰੇਗਾ ਖ਼ਾਲਸਾ** ਦੀ ਵਿਚਾਰਧਾਰਾ ਨੂੰ ਸ਼ਾਸਕਾਂ ਵੱਲੋਂ ਖੁੱਲ੍ਹਾ ਸਹਿਯੋਗ ਨਹੀਂ ਸੀ ਦਿੱਤਾ ਜਾਂਦਾ[21]। ਦਰਬਾਰੇ ਖ਼ਾਲਸਾ ਵਿਚ ਸਿੱਖਾਂ ਦੀ ਗਿਣਤੀ ਨਾਂਹ ਦੇ ਬਰਾਬਰ ਸੀ ਅਤੇ ਸਿੱਖਾਂ ਦੀ ਤਾਕਤ ਫ਼ੌਜ ਤੱਕ ਹੀ ਸੀਮਿਤ ਸੀ। ਲਗਭਗ ਸਾਰੇ ਉੱਚੇ ਪ੍ਰਸਾਸਕੀ ਅਤੇ ਸਰਕਾਰੀ ਅਹੁਦਿਆਂ ਉੱਤੇ ਗੈਰ ਸਿੱਖ ਕਾਬਜ਼ ਸਨ[22]। ਸੱਤਾਧਾਰੀ ਧਿਰ ਹੋਣ ਦੇ ਬਾਵਜੂਦ ਸਿੱਖ ਬੌਧਿਕ ਵਿਕਾਸ ਦੇ ਪੱਖ ਤੋਂ ਅਸਫ਼ਲ ਰਹੇ[23]। ਹਿੰਦੂ ਪ੍ਰਧਾਨ ਮੰਤਰੀ ਰਾਜਾ ਧਿਆਨ ਸਿੰਘ ਅਤੇ ਉਸੇ ਦੇ ਧਾਰਮਿਕ ਗੁਰੂ ਪੰਡਤ ਜੱਲੇ ਨੇ ਸਿੱਖ ਗੁਰਧਾਮਾਂ ਦੇ ਪ੍ਰਬੰਧ ਵਿਚ ਵੱਡੀ ਦਖ਼ਲ-ਅੰਦਾਜ਼ੀ ਕੀਤੀ ਅਤੇ ਹਿੰਦੂ ਮਹੰਤਾਂ ਦਾ ਇਹਨਾਂ ਗੁਰਧਾਮਾਂ ਉੱਤੇ ਕਬਜ਼ਾ ਕਰਵਾਇਆ[24]। ਮਹਾਰਾਜਾ ਰਣਜੀਤ ਸਿੰਘ ਵੱਲੋਂ ਖ਼ਾਲਸਾ ਪੰਥ ਦੀਆਂ ਲੋਕ ਪੱਖੀ ਨੀਤੀਆਂ ਨੂੰ ਲਾਗੂ ਕਰਨ ਦੇ ਬਾਵਜੂਦ ਸਿੱਖ ਰਾਜ ਮੁਗਲ ਰਾਜਤੰਤਰਿਕ ਪ੍ਰਣਾਲੀ ਦੀਆਂ ਢਾਂਚਾ ਗਤ ਕਮਜ਼ੋਰੀਆਂ ਦਾ ਸ਼ਿਕਾਰ ਹੋਇਆ, ਜਿਸ ਤਰਾਂ

1. ਮੁਗਲ ਰਾਜਤੰਤਰ ਦੀ ਮਨਸਬਦਾਰੀ ਪ੍ਰਣਾਲੀ ਵਾਂਗ ਹੀ ਸਿੱਖ ਦਰਬਾਰ ਵਿਚ ਪਣਪਿਆ ਸ਼ਾਸਕੀ ਵਰਗ ਮਹਾਰਾਜਾ ਰਣਜੀਤ ਸਿੰਘ ਦੀ ਜੇਤੂ ਤੇ ਬਹਾਦਰ ਸ਼ਖਸੀਅਤ ਦਾ ਵਫ਼ਾਦਾਰ ਰਿਹਾ। ਇਸ ਕੁਲੀਨ ਵਰਗ ਦੀ ਆਪਣੀ ਧਰਤੀ ਜਾਂ ਭਾਈਚਾਰੇ ਨਾਲ ਕੋਈ ਵਫ਼ਾਦਾਰੀ ਨਹੀਂ ਸੀ। ਮਹਾਰਾਜੇ ਦੇ ਚਲਾਣੇ ਤੋਂ ਬਾਅਦ ਇਸ ਵਰਤਾਰੇ ਨੇ ਸਿੱਖ ਰਾਜ ਦੇ ਖ਼ਾਤਮੇ ਵਿਚ ਵੱਡੀ ਭੂਮਿਕਾ ਨਿਭਾਈ।
2. ਦਰਬਾਰੇ ਖ਼ਾਲਸਾ ਦੇ ਦਰਬਾਰੀਆਂ ਨੇ ਸਿੱਖ ਸ਼ਾਸਕਾਂ ਦੇ ਕਮਜ਼ੋਰ ਹੁੰਦਿਆਂ ਹੀ ਵਫ਼ਾਦਾਰੀਆਂ ਬਦਲ ਲਈਆਂ। ਰਾਜਸੀ ਅਗਵਾਈ ਤੋਂ ਵਿਰਵੀਂ ਸਿੱਖ ਫ਼ੌਜ ਤਾਕਤਵਰ ਹੁੰਦਿਆਂ ਵੀ ਅੰਗਰੇਜ਼ ਫ਼ੌਜ ਹੱਥੋਂ ਹਾਰ ਖਾ ਗਈ।
3. ਉੱਚ ਵਿਦਿਆ ਦਾ ਢਾਂਚਾ ਵਿਕਸਿਤ ਨਾ ਹੋਣ ਕਾਰਨ ਸਿੱਖ ਬੌਧਿਕ ਇਲੀਟ ਵੀ ਨਾ ਪਣਪ ਸਕਿਆ, ਜਿਸ ਨੇ ਆਮ ਸਿੱਖਾਂ ਵਿਚ ਮਾਤ ਭੂਮੀ ਅਤੇ ਭਾਈਚਾਰਕ ਸਾਂਝ ਦੇ ਤੱਤਾ ਨੂੰ ਗੁਰਮੁਖੀ ਲਿਪੀ ਨਾਲ ਜੋੜ ਕੇ ਰਾਜ ਦੇ ਅਗਲੇ ਪੜਾਅ ਦੀ ਨਿਸ਼ਾਨਦੇਹੀ ਕਰਨੀ ਸੀ। ਇਸ ਦੇ ਉਲਟ ਹਿੰਦੂ ਬੌਧਿਕ ਇਲੀਟ ਅੰਗਰੇਜ਼ੀ ਸ਼ਾਸਨ ਦਾ ਹਿੱਸਾ ਬਣ ਕੇ ਖੇਤਰੀ ਸੱਤਾ ਦੇ ਭਾਸ਼ਾਈ ਅਧਾਰ ਬਾਰੇ ਪੂਰਾ ਚੇਤੰਨ ਹੋ ਚੁੱਕਿਆ ਸੀ।

## 7 ਨੁਕਸਦਾਰ ਨਜ਼ਰੀਆ ਅਤੇ ਗਲਤ ਅਭਿਆਸ

ਖ਼ਾਲਸਾ ਰਾਜ ਦੀਆਂ ਕੁਝ ਢਾਂਚਾਗਤ ਕਮੀਆਂ ਬਾਰੇ ਚਰਚਾ ਕਰਨ ਦਾ ਮਕਸਦ ਮਹਾਰਾਜਾ ਰਣਜੀਤ ਸਿੰਘ ਦੇ ਕੱਦ ਜਾਂ ਇਤਿਹਾਸਕ ਮਹੱਤਤਾ ਨੂੰ ਘਟਾਉਣਾ ਨਹੀਂ ਹੈ। ਬਲਕਿ ਉਹਨਾਂ ਕਾਰਨਾਂ ਦੀ ਨਿਸ਼ਾਨਦੇਹੀ ਕਰਨਾ ਹੈ, ਜਿਨ੍ਹਾਂ ਕਰਕੇ ਸਿੱਖ ਫੌਜੀ ਅਤੇ ਰਾਜਨੀਤਿਕ ਤੌਰ ’ਤੇ ਤਾਂ ਅੰਗਰੇਜ਼ਾਂ ਦੇ ਅਧੀਨ ਹੋਏ ਪਰ ਨਾਲ ਹੀ ਭਾਰਤੀ ਰਾਸ਼ਟਰਵਾਦੀਆਂ ਦੀਆਂ ਸੋਚ ਕਾਬੂ ਕਰਨ ਵਾਲੀਆਂ ਮਾਨਸਿਕ ਜੰਗ ਦੀਆਂ ਕੌਮਵਾਦੀ ਨੀਤੀਆਂ ਦੇ ਸ਼ਿਕਾਰ ਵੀ ਬਣ ਗਏ। ਕਰੀਬ ਇੱਕ ਸਦੀ ਦੇ ਇਸ ਦੌਰ ਵਿਚ ਸਿੱਖ ਬੌਧਿਕ ਹਿੱਸੇ ਵੱਲੋਂ ਕੋਈ ਅਜਿਹਾ ਵਿਸ਼ਲੇਸ਼ਣ ਸਾਹਮਣੇ ਨਹੀਂ ਆਉਂਦਾ, ਜਿਸ ਵਿਚ ਯੂਰੋਪੀਅਨ ਰਾਜ ਦੇ ਵਿਗਾਸ ਅਤੇ ਸਿੱਖਾਂ ਨੂੰ ਹਰਾਉਣ ਵਾਲੀ ਅੰਗਰੇਜ਼ ਕੌਮ ਦੇ ਇਤਿਹਾਸ ਬਾਰੇ ਜਾਨਣ ਦਾ ਕੋਈ ਯਤਨ ਕੀਤਾ ਗਿਆ ਹੋਵੇ। ਸਿੱਖ ਰਾਜ ਸਮੇਂ ਸਿੱਖ ਰਾਜਸੀ ਅਤੇ ਬੋਧਿਕ ਵਰਗ ਵਿਚ ਕੌਮੀ ਹਿੱਤਾਂ ਅਤੇ ਰਾਜਸੀ ਹੋਂਦ ਨੂੰ ਭਾਸ਼ਾ ਅਤੇ ਖੇਤਰ ਨਾਲ ਜੋੜ ਕੇ ਪੱਕੀਆਂ ਹੱਦਾਂ ਵਾਲਾ ਖੇਤਰੀ ਰਾਜ ਸਿਰਜਣ ਦੀ ਚੇਤਨਾ ਪੈਦਾ ਨਹੀਂ ਸੀ ਹੋਈ। ਸਿੱਖਾਂ ਦਾ ਦਰਬਾਰੀ ਵਰਗ ਤਾਂ ਵਫ਼ਾਦਾਰੀ ਬਦਲ ਚੁੱਕਿਆ ਸੀ ਪਰ ਕੁਲੀਨ ਵਰਗ ਨੇ ਵੀ ਸਿੱਖ ਰਾਜਤੰਤਰ ਦਾ ਸਾਥ ਨਾ ਦਿੱਤਾ (**ਸਿਵਾਏ ਭਾਈ ਮਹਾਰਾਜ ਸਿੰਘ ਦੇ** )। ਸਿਰਫ਼ ਸਿੱਖ ਫ਼ੌਜ ਅਤੇ ਫ਼ੌਜੀ ਸਿੱਖ ਜਰਨੈਲ ਹੀ ਆਪਣੇ ਰਾਜ ਲਈ ਲੜੇ। ਇਹ ਤੱਥ ਹੈਰਾਨ ਕਰਨ ਵਾਲਾ ਹੈ ਕਿ ਸਿੱਖ ਰਾਜ ਦੌਰਾਨ ਜਾਗੀਰਾਂ ਦੇ ਮਾਲਕ ਪਰਿਵਾਰਾਂ ਵਿਚੋਂ 23 ਜਗੀਰਦਾਰ ਪਰਿਵਾਰਾਂ ਨੇ 1845-46 ਅਤੇ 1848-49 ਦੀਆਂ ਐਂਗਲੋ ਸਿੱਖ ਜੰਗਾਂ ਵਿਚੋਂ ਅੰਗਰੇਜ਼ਾਂ ਨਾਲ ਵਫ਼ਾਦਾਰੀ ਨਿਭਾਈ। 6 ਜਾਗੀਰਦਾਰ ਸਿੱਖ ਪਰਿਵਾਰਾਂ ਨੇ ਕਿਸੇ ਵੀ ਧਿਰ ਦਾ ਸਥਾਨ ਨਹੀਂ ਦਿੱਤਾ, ਜਦਕਿ 9 ਜਗੀਰਦਾਰ ਪਰਿਵਾਰਾਂ ਨੇ ਸਿੱਖ ਸ਼ਾਸਕਾਂ ਦਾ ਸਾਥ ਦਿੱਤਾ[25]। ਸਿੱਖ ਰਾਜ ਦੌਰਾਨ ਸਿੱਖਾਂ ਦੇ ਧਾਰਮਿਕ ਬੌਧਿਕ ਵਰਗ ਨੂੰ ਵੱਡੀ ਆਰਥਿਕ ਮਦਦ ਦਿੱਤੀ ਜਾਂਦੀ ਰਹੀ। ਉਦਾਸੀਆਂ ਨੂੰ ਸਭ ਤੋਂ ਵੱਧ ਮਦਦ ਮਿਲਦੀ ਸੀ ਜਿਸ ਨੂੰ ਧਰਮਾਰਥ ਕਿਹਾ ਜਾਂਦਾ ਸੀ। ਲਗਭਗ 75 ਫੀਸਦੀ ਧਰਮਾਰਥ ਉਦਾਸੀ ਡੇਰਿਆਂ ਨੂੰ ਦਿੱਤਾ ਜਾਂਦਾ ਸੀ। ਇਹਨਾਂ ਵਿਚ ਉਦਾਸੀ ਅਖਾੜੇ ਤੇ ਡੇਰੇ ਵੀ ਸ਼ਾਮਲ ਸਨ। ਇਸੇ ਤਰਾਂ ਸਿੱਖ ਗੁਰਦੁਆਰਿਆਂ , ਸਮਾਧਾਂ ਅਤੇ ਧਰਮਸਾਲਾਵਾਂ ਨੂੰ ਵੀ ਆਰਥਿਕ ਰੂਪ ਵਿੱਚ ਧਰਮਾਰਥ ਦਿੱਤਾ ਜਾਂਦਾ ਰਿਹਾ। ਇਸ ਤੋਂ ਇਲਾਵਾ ਗੁਰੂ ਕੁੱਲ ਵਿਚੋਂ ਸੋਢੀਆਂ , ਬੇਦੀਆਂ ਅਤੇ ਗਰੰਥੀਆਂ, ਅਰਦਾਸੀਏ ਸਿੱਖਾਂ, ਰਾਗੀਆਂ, ਰਬਾਬੀਆਂ, ਨਿਰਮਲਿਆਂ ਤੇ ਨਿਹੰਗਾਂ ਆਦਿ ਨੂੰ ਧਰਮਾਰਥ ਦਿੱਤਾ ਜਾਂਦਾ ਸੀ[26]। ਪਰ ਇਸ ਬੌਧਿਕ ਧਿਰ ਦੀ ਭੂਮਿਕਾ ਬੇਹੱਦ ਨਿਰਾਸ਼ ਕਰਨ ਵਾਲੀ ਰਹੀ (**ਸਿਵਾਏ ਭਾਈ ਮਹਾਰਾਜ ਸਿੰਘ** )। ਜਿਵੇਂ ਅੰਗਰੇਜ਼ਾਂ ਦੇ ਧਾਰਮਿਕ ਇਸਾਈ ਆਗੂ ਅੰਗਰੇਜ਼ ਕੌਮ ਦੀ

ਸਿਰਜਣਾ ਵਿਚ ਭੂਮਿਕਾ ਨਿਭਾਉਂਦੇ ਰਹੇ ਸਨ। ਸਿੱਖ ਦੇ ਧਾਰਮਿਕ ਬੌਧਿਕ ਹਿੱਸੇ ਨੇ ਸਿੱਖ ਰਾਜ ਵੇਲੇ ਵੀ ਅਤੇ ਬਾਅਦ ਵਿਚ ਵੀ ਕੋਈ ਕੌਮੀ ਲਗਾਅ ਵਾਲੀਆਂ ਕਾਰਵਾਈਆਂ ਨਹੀਂ ਕੀਤੀਆਂ। ਇਸ ਦੇ ਉਲਟ ਇਹਨਾਂ ਵਿਚੋਂ ਬ੍ਰਾਹਮਣਵਾਦੀ ਸਨਾਤਨੀ ਪਰੰਪਰਾ ਦਾ ਵਾਹਕ ਬਣ ਗਏ। ਕੁੱਝ ਸਿੱਖ ਵਿਰੋਧੀ ਵਿਦਵਾਨਾਂ ਵਲੋਂ 'ਸਨਾਤਨ ਸਿੱਖ ਪਰੰਪਰਾ  ਦਾ ਵਿਚਾਰ ਇਹਨਾਂ ਬੌਧਿਕ ਹਿਸਿਆਂ ਦੇ ਸਨਾਤਨੀ ਵਿਚਾਰਾਂ ਅਤੇ ਕਾਰਵਾਈਆਂ ਦੇ ਸਿੱਟੇ ਵਜੋਂ ਸਿਰਜਿਆ ਗਿਆ ਹੈ[27]। ਇਸ ਵਰਤਾਰੇ ਨੇ ਸਿੱਖਾਂ ਦੇ ਅਜਿਹੇ ਬੌਧਿਕ ਵਰਗ ਦਾ ਵਿਕਾਸ ਨਾ ਹੋਣ ਦਿਤਾ ਜਿਸਨੇ ਦੁਨੀਆਂ ਤੇ ਖਾਸ ਕਰਕੇ ਯੂਰਪ ਤੇ ਇੰਗਲੈਂਡ ਵਿਚ ਵਾਪਰ ਰਹੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਬਦਲਾਵਾਂ ਅਤੇ ਖਾਸਕਰਕੇ ਕੌਮਾਂਤਰੀ ਰਾਜਨੀਤੀ ਦੇ ਵਿਗਾਸ ਵਿਚ ਵਾਪਰਣ ਵਾਲੇ ਅਮਲਾਂ ਵਾਰੇ ਜਾਨਣ ਤੇ ਸਮਝਣ ਦਾ ਅਕਾਦਮਿਕ ਮਹੌਲ ਤਿਆਰ ਕਰਨਾ ਸੀ, ਨਾ ਕੀਤਾ, ਜਿਸਨੇ ਸਿਖਾਂ ਦੀ ਦੁਖ-ਦਾਇਕ ਰਾਜਸੀ ਹੋਣੀ ਨੂੰ ਜਨਮ ਦਿੱਤਾ। ਨੇਸ਼ਨ-ਸਟੇਟ ਦੇ ਵਿਗਾਸ ਦੇ ਆਧਾਰ ਤੱਤਾਂ ਜਿਵੇਂ **ਭਾਸ਼ਾ**, ਕੌਮ ਅਤੇ ਖੇਤਰ ਦੇ ਆਪਸੀ ਸੁਮੇਲ ਤੋਂ ਪੈਦਾ ਹੋਣ ਵਾਲੀ ਰਾਜਸੀ ਚੇਤਨਾ ਪੂਰਵ-ਬ੍ਰਿਟਿਸ਼ ਕਾਲ ਵਿਚ ਸਿੱਖ ਬੌਧਿਕ ਤੇ ਰਾਜਸੀ ਹਿੱਸਿਆਂ ਵਿਚੋਂ ਪੂਰੀ ਤਰਾਂ ਗਾਇਬ ਰਹੀ। ਇਸ ਦੇ ਉਲਟ ਹਿੰਦੂਆਂ ਦੇ ਬੌਧਿਕ ਹਿੱਸੇ ਭਾਸ਼ਾਈ ਤੇ ਕੌਮਵਾਦੀ ਤੱਤਾਂ ਦੀ ਮਹੱਤਤਾ ਤੋਂ ਪੂਰੀ ਤਰਾਂ ਜਾਣੂ ਹੋ ਚੁੱਕੇ ਸਨ। ਉਹਨਾਂ ਨੂੰ ਯੂਰਪ ਵਿਚਲੇ ਉਪ ਬੋਲੀਆਂ ਅਤੇ ਲਿਪੀਆਂ ਨੂੰ ਮਾਰ ਕੇ ਇਕਹਿਰੇ ਨੇਸ਼ਨ ਸਿਰਜਣ ਦੇ ਅਮਲ ਦਾ ਗਿਆਨ ਹੋ ਗਿਆ ਸੀ।

## 8 ਦੁਸ਼ਮਣ ਬੇ-ਪਛਾਣ ਅਗਿਆਨਤਾ ਦੀ ਸਿਖਰ

ਉਨੀਂਵੀਂ ਸਦੀ ਦੇ ਅਖੀਰ ਤੱਕ ਹਿੰਦੀ ਭਾਸ਼ਾ ਦੀ ਨਾਗਰੀ ਲਿਪੀ ਹਿੰਦੂ ਪਛਾਣ ਦਾ ਪੱਕਾ ਹਿੱਸਾ ਬਣ ਚੁੱਕੀ ਸੀ ਪਰ ਪੰਜਾਬ ਵਿਚ 1860 ਤੱਕ ਹਿੰਦੀ ਲਹਿਰ ਦਾ ਕੋਈ ਅਸਰ ਨਹੀਂ ਸੀ ਹੋਇਆ। 19ਵੀਂ ਸਦੀ ਦੇ ਆਖਰੀ ਦਹਾਕਿਆਂ ਤੱਕ ਹਿੰਦੀ ਅਤੇ ਨਾਗਰੀ ਭਾਸ਼ਾ ਪੰਜਾਬ ਦੇ ਭਾਸ਼ਾਈ ਖ਼ਾਕੇ ਵਿਚੋਂ ਗੈਰ ਹਾਜਰ ਸੀ ਅਤੇ ਨਾ ਹੀ ਹਿੰਦੀ ਬੋਲੀ ਵਾਲੇ ਖੇਤਰਾਂ ਉਤਰ ਪ੍ਰਦੇਸ਼ ਵਾਂਗ ਕੋਈ ਹਿੰਦੀ ਸਾਹਿਤ ਅਤੇ ਹਿੰਦੀ ਵਿਦਿਆ ਦਾ ਪੰਜਾਬ ਵਿਚ ਕੋਈ ਵਜੂਦ ਸੀ ਪਰ 1881 ਤੋਂ ਬਾਅਦ ਬ੍ਰਹਮੋ ਸਮਾਜ ਦੇ ਬਾਬੂ ਨਵੀਨ ਚੰਦਰ ਦਾਸ ਅਤੇ ਆਰੀਆ ਸਮਾਜ ਦੇ ਆਗੂਆਂ ਲਾਲਾ ਹੰਸ ਰਾਜ , ਗੁਰੂ ਦੱਤ ਅਤੇ ਲਾਲਾ ਲਾਜ ਪੱਤ ਰਾਏ ਨੇ ਪੰਜਾਬ ਵਿਚ ਹਿੰਦੀ ਲਹਿਰ ਨੂੰ ਭਾਸ਼ਾਈ ਵਿਵਾਦ ਦਾ ਹਿੱਸਾ ਬਣਾ ਦਿੱਤਾ। **ਇਹ ਵਰਤਾਰਾ ਸਿੱਖਾਂ ਸਬੰਧੀ ਇੱਕ ਹੋਰ ਮਿਥ ਨੂੰ ਤੋੜਦਾ ਹੈ ਕਿ ਅੰਗਰੇਜ਼ਾਂ ਨੇ ਸਿੱਖਾਂ ਨੂੰ ਵਿਦਿਅਕ ਤੌਰ ਤੇ ਪਛਾੜਿਆ** ਜਦਕਿ ਤੱਥ ਸਾਬਤ ਕਰਦੇ ਹਨ ਕਿ 35 ਫੀਸਦੀ ਹਿੰਦੂ ਪੰਜਾਬੀਆਂ ਵਿਚੋਂ 89 ਫੀਸਦੀ ਹਿੰਦੂ ਅੰਗਰੇਜ਼ੀ ਵਿਦਿਆ ਲੈ ਕੇ ਭਾਸ਼ਾਈ ਤੇ ਰਾਜਸੀ ਤੌਰ ਤੇ ਚੇਤੰਨ ਹੋ ਚੁੱਕੇ ਸਨ[28]। ਇਹ ਤੱਥ ਵੀ ਮਹੱਤਵਪੂਰਨ ਹੈ ਕਿ ਪੂਰੇ ਬ੍ਰਿਟਿਸ਼ ਇੰਡੀਆ ਵਿਚ ਬ੍ਰਿਟਿਸ਼ ਵਿਦਿਆ ਦਾ ਸਭ ਤੋਂ ਜਿਆਦਾ ਫਾਇਦਾ ਹਿੰਦੂਆਂ ਵੱਲੋਂ ਲਿਆ ਸੀ, ਜਿਨ੍ਹਾਂ ਵਿਚੋਂ ਬ੍ਰਾਹਮਣ ਵਰਗ ਮੁੱਖ ਸੀ, ਪਰ ਪੰਜਾਬ ਵਿਚ ਗੈਰ ਬ੍ਰਾਹਮਣ ਹਿੰਦੂਆਂ ਨੇ ਬ੍ਰਿਟਿਸ਼ ਵਿਦਿਆ ਦਾ ਲਾਹਾ ਲਿਆ ਸੀ ਜਦਕਿ ਬੰਬੇ , ਮਦਰਾਸ ਅਤੇ ਬੰਗਾਲ ਪ੍ਰੇਜੀਡੈਂਸੀਆਂ ਵਿਚ ਬ੍ਰਾਹਮਣ ਵਰਗ ਆਧੁਨਿਕ ਬ੍ਰਿਟਿਸ਼ ਵਿਦਿਆ ਲੈ ਕੇ ਬ੍ਰਿਟਿਸ਼ ਪ੍ਰਸ਼ਾਸਕੀ ਢਾਂਚੇ ਵਿਚ ਪੂਰੀ ਤਰਾਂ ਘੁਸਪੈਠ ਕਰ ਗਿਆ ਸੀ। ਇਸ ਦੇ ਨਾਲ ਹੀ ਬ੍ਰਾਹਮਣ ਵਰਗ ਰਾਜਨੀਤਕ ਤੇ ਸਮਾਜਿਕ ਲਹਿਰਾਂ ਵਿਚ ਆਗੂਆਂ ਦੀ ਭੂਮਿਕਾ ਨਿਭਾਅ ਰਿਹਾ ਸੀ। ਬ੍ਰਿਟਿਸ਼ ਰਾਜ ਦੌਰਾਨ ਹਿੰਦੂ ਵਰਗ ਨੇ ਅੰਗਰੇਜ਼ੀ ਭਾਸ਼ਾ ਦੀ ਅਹਿਮੀਅਤ ਨੂੰ ਸਮਝ ਲਿਆ ਸੀ। ਪੰਜਾਬ ਵਿਚ ਖੱਤਰੀ, ਅਰੋੜੇ ਅਤੇ ਅਗਰਵਾਲ ਹਿੰਦੂਆਂ ਨੇ ਬ੍ਰਿਟਿਸ਼ ਵਿਦਿਆ ਦਾ ਸਭ ਤੋਂ ਵੱਧ ਲਾਹਾ ਲਿਆ। 1891 ਈਸਵੀ ਵਿਚ ਪੰਜਾਬ ਦੇ ਹਰੇਕ 1000 ਬੰਦੇ ਵਿਚੋਂ 218 ਖੱਤਰੀ, 203 ਅਰੋੜੇ ਅਤੇ 102 ਬ੍ਰਾਹਮਣ ਪੜ੍ਹੇ ਲਿਖੇ ਸਨ। ਸਿੱਖ ਇਸ ਮੁਕਾਬਲੇ ਤੋਂ ਬਾਹਰ ਸਨ। 1911 ਈਸਵੀ ਵਿਚ ਪੰਜਾਬ ਦੇ 10000 ਪੁਰਖਾਂ ਵਿਚੋਂ 801 ਖੱਤਰੀ,225 ਅਰੋੜੇ, 209 ਅਗਰਵਾਲ,198 ਬ੍ਰਾਹਮਣ ਅੰਗਰੇਜ਼ੀ ਬੋਲ ਸਕਦੇ ਸਨ ਜਦਕਿ 219 ਸਯੱਦ ਅਤੇ 272 ਸ਼ੇਖ ਅੰਗਰੇਜ਼ੀ ਜੁਬਾਨ ਜਾਣਦੇ ਸਨ। ਪੰਜਾਬ ਵਿਚ ਖੰਨੇ,ਚੋਪੜੇ, ਮਲਹੋਤਰੇ, ਸਾਹਨੀ, ਧਵਨ, ਤਲਵਾਰ, ਪੁਰੀ, ਬੱਤਰੇ, ਕੁਮਾਰ ਗੋਤਾਂ ਵਾਲੇ ਖੱਤਰੀ ਅਤੇ ਅਰੋੜੇ

ਹਿੰਦੂਆਂ ਨੇ ਲਗਭਗ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਪੇਸ਼ਿਆਂ ਤੇ ਕਬਜ਼ਾ ਕਰ ਲਿਆ ਸੀ[29]। **ਇੱਥੇ ਵੱਡਾ ਸੁਆਲ ਪੈਦਾ ਹੁੰਦਾ ਹੈ ਕਿ ਜੇ ਪੰਜਾਬ ਦੇ ਗੈਰ ਬ੍ਰਾਹਮਣ ਹਿੰਦੂ ਬ੍ਰਿਟਿਸ਼ ਵਿਦਿਆ ਲੈ ਕੇ ਸਮਾਜਿਕ ਤੇ ਰਾਜਨੀਤਿਕ ਤੌਰ 'ਤੇ ਚੇਤੰਨ ਹੋ ਰਹੇ ਸਨ ਤਾਂ ਸਿੱਖਾਂ ਨੂੰ ਇਹੀ ਵਿਦਿਆ ਲੈ ਕੇ ਰਾਜਸੀ ਤੌਰ 'ਤੇ ਚੇਤੰਨ ਹੋਣ ਤੋਂ ਕੌਣ ਰੋਕ ਰਿਹਾ ਸੀ?** ਇਸੇ ਵਿਦਿਆ ਵਿਚੋਂ ਦੁਨੀਆਂ ਵਿਚ ਵਾਪਰ ਰਹੀਆਂ ਰਾਜਸੀ ਤੇ ਸਮਾਜੀ ਘਟਨਾਵਾਂ ਬਾਰੇ ਸਿੱਖਾਂ ਨੇ ਚੇਤੰਨ ਹੋਣਾ ਸੀ। ਪੰਜਾਬ ਦੇ ਹਿੰਦੂ ਭਾਸ਼ਾਈ ਕੌਮ ਸਿਰਜਣ ਲਈ 1882 ਤੱਕ ਪੂਰੀ ਤਰਾਂ ਚੇਤੰਨ ਹੋ ਚੁੱਕੇ ਸਨ। ਹੰਟਰ ਐਜੂਕੇਸ਼ਨ ਕਮਿਸ਼ਨ ਨੂੰ ਪੰਦਰਾਂ ਹਜ਼ਾਰ ਤੋਂ ਵੱਧ ਪੰਜਾਬ ਕਾਂਗੜੇ ਤੇ ਦਿੱਲੀ ਦੇ ਹਿੰਦੂਆਂ ਵੱਲੋਂ ਮੰਗ ਪੱਤਰ ਸੌਂਪੇ ਗਏ ਸਨ, ਜਿਨ੍ਹਾਂ ਵਿਚ

1. ਪੰਜਾਬੀ ਭਾਸ਼ਾ ਨੂੰ ਹਿੰਦੀ ਦੀ ਉਪ ਭਾਖਾ ਦੱਸਿਆ ਗਿਆ ਸੀ।
2. ਪੰਜਾਬੀ ਭਾਸ਼ਾ ਵਿਚ ਸਾਹਿਤ ਸਿਰਜਣ ਦੀ ਕੋਈ ਪਰੰਪਰਾ ਨਾ ਹੋਣ ਦਾ ਦਾਅਵਾ ਕੀਤਾ ਗਿਆ ਸੀ।
3. ਗੁਰੂ ਗਰੰਥ ਸਾਹਿਬ ਜੀ ਦੀ ਭਾਸ਼ਾ ਹਿੰਦੀ ਦੱਸੀ ਗਈ ਤੇ ਗੁਰੂ ਸਾਹਿਬਾਨ ਵੱਲੋਂ ਗੁਰਮੁਖੀ ਲਿਪੀ ਵਿਚ ਇਸ ਗ੍ਰੰਥ ਨੂੰ ਲਿਖਣ ਦਾ ਦਾਅਵਾ ਕੀਤਾ ਗਿਆ[30]।
4. ਸਰਦਾਰ ਦਿਆਲ ਸਿੰਘ ਮਜੀਠੀਆ, ਜੋ ਕਮਿਸ਼ਨ ਅਗੇ ਇਕ ਗਵਾਹ ਵਜੋਂ ਪੇਸ਼ ਹੋਏ ਸਨ, ਨੇ ਹਿੰਦੀ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਅਪਣਾਉਣ ਦੇ ਸਮਰਥਨ ਵਿੱਚ ਇੱਕ ਲੰਮੀ ਚਿੱਠੀ ਲਿਖੀ, ਪਰ ਇੱਕ ਵਾਰ ਵੀ ਪੰਜਾਬੀ ਭਾਸ਼ਾ ਨੂੰ ਸਿੱਖਿਆ ਦੇ ਮਾਧਿਅਮ ਵਜੋਂ ਅਪਣਾਉਣ ਦੀ ਸੰਭਾਵਨਾ ਦਾ ਜ਼ਿਕਰ ਨਹੀਂ ਕੀਤਾ[30]।

## 9 ਅਗਿਆਨਤਾ ਦੀ ਸਿਖਰ

ਪਰ ਕੌਮਵਾਦੀ ਚੇਤਨਾ ਤੋਂ ਕੋਰਾ ਸਿੱਖਾਂ ਦਾ ਰਾਜਨੀਤਿਕ ਅਤੇ ਬੌਧਿਕ ਵਰਗ ਇਸ ਸਮੇਂ ਹਿੰਦੂ ਰਾਸ਼ਟਰਵਾਦੀਆਂ ਦੀ ਮਾਨਸਿਕ ਗੁਲਾਮੀ ਦਾ ਸ਼ਿਕਾਰ ਹੋ ਚੁੱਕਿਆ ਸੀ। ਇਥੇ *ਨੇਸ਼ਨ* ਅਤੇ *ਨੇਸ਼ਨ-ਸਟੇਟ* ਦੇ ਵਰਤਾਰੇ ਬਾਰੇ ਸਿੱਖਾਂ ਦੀ ਨਾਸਮਝੀ ਹੱਦ ਦਰਜ਼ੇ ਦੀ ਹਿੰਦੂ ਮਾਨਸਿਕ ਗੁਲਾਮੀ ਵਿਚ ਧੱਸ ਜਾਣ ਦੀ ਵੱਡੀ ਉਦਾਹਰਣ ਹੈ। ਵੀਹਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿਚੋਂ *ਲਾਲਾ ਲਾਜਪਤ ਰਾਏ* ਇੰਗਲੈਂਡ ਵਿਚ ਲੰਡਨ *ਰੇਵਿਊਲਿਉਸ਼ਨਰੀ ਗਰੁੱਪ* ਦੇ *ਲਾਲਾ ਹਰਦਿਆਲ* ਨੂੰ ਉੱਤਰੀ ਅਮਰੀਕਾ ਭੇਜਦਾ ਹੈ। ਇਸੇ ਗਰੁੱਪ ਦੇ ਬੀਰ ਸਾਵਰਕਰ ਨੇ ਗੁਰੂ ਗੋਬਿੰਦ ਸਿੰਘ ਉੱਤੇ ਇਕ ਕਿਤਾਬਚਾ ਲਿਖ ਕੇ ਇੰਗਲੈਂਡ ਵਿਚਲੇ ਸਿੱਖਾਂ ਨੂੰ ਦੇਸ਼ ਭਗਤ ਬਣਾ ਲਿਆ ਸੀ। ਲਾਲਾ ਹਰਦਿਆਲ ਨੇ ਕੁਝ ਸਾਲਾਂ ਵਿਚ ਹੀ ਸੈਂਨ ਫਰਾਂਸਿਸਕੋ ਅਤੇ **ਵੈਨਕੂਵਰ ਵਿਚ ਰਹਿਣ ਵਾਲੇ ਸਿੱਖਾਂ ਨੂੰ ਹਿੰਦੀ ਪਛਾਣ ਦੇ ਦਿੱਤੀ** ਸੀ ਅਤੇ ਇਹਨਾਂ ਨੂੰ ਭਾਰਤੀ ਨੇਸ਼ਨ ਦਾ ਹਿੱਸਾ ਬਣਾ ਕੇ ਭਾਰਤ ਮਾਤਾ ਦੀ ਆਜ਼ਾਦੀ ਲਈ ਜੰਗ ਲੜਨ ਲਈ ਤਿਆਰ ਕਰ ਲਿਆ ਸੀ। ਸੰਤ ਤੇਜਾ ਸਿੰਘ ਵਰਗਾ ਜ਼ਹੀਨ ਸਿੱਖ ਇਸ ਮਾਨਸਿਕ ਜੰਗ ਦਾ ਸ਼ਿਕਾਰ ਹੋ ਗਿਆ ਸੀ। ਸਿੱਖਾਂ ਨਾਲ ਇਹ ਵਰਤਾਰਾ ਉਸ ਸਮੇਂ ਵਾਪਰ ਰਿਹਾ ਸੀ ਜਦੋਂ ਆਸਟਰੀਆ ਹੰਗੇਰੀਅਨ ਸਾਮਰਾਜ ਵਿਚ ਵੱਖ ਵੱਖ ਭਾਸ਼ਾਈ ਕੌਮਾਂ ਵਿਚਕਾਰ ਰਾਜਨੀਤਿਕ ਆਜ਼ਾਦੀ ਦੀ ਬਹਿਸ ਚੱਲ ਰਹੀ ਸੀ। 24 ਤੋਂ 29 ਸਤੰਬਰ 1899 ਤੱਕ ਆਲ ਆਸਟਰੀਅਨ ਸੋਸ਼ਲ ਡੈਮੋਕਰੈਟਿਕ ਪਾਰਟੀ ਦੇ ਇਕੱਠ ਵਿਚ ਕੇਂਦਰਵਾਦੀ ਨੀਤੀਆਂ ਦੇ ਖ਼ਾਤਮੇ, ਕੌਮੀਅਤਾਂ ਦੀਆਂ ਧਿਰਾਂ 'ਤੇ ਅਧਾਰਿਤ ਸੰਘ ਬਣਾਉਣ ਬਾਰੇ ਸੁਝਾਅ ਪੇਸ਼ ਕੀਤੇ ਗਏ। ਇਸ ਇਕੱਠ ਵਿਚ ਆਸਟਰੀਅਨ ਰਾਜ ਦੇ ਏਕੇ ਲਈ ਕਈ ਕੌਮਾਂ ਦੇ ਸੰਘ ਦੀ ਸਿਰਜਣਾ ਵਿੱਚ ਕੋਈ ਵੀ ਦਾਬੇਵਾਲੀ ਭਾਸ਼ਾ ਨਾ ਹੋਵੇ ਅਤੇ ਜਿਸ ਵਿਚ ਖੇਤਰੀ ਤੇ ਗੈਰ ਖੇਤਰੀ ਕੌਮਾਂ ਨੂੰ **ਸਵੈ-ਸੱਤਾ** ਦੇ ਅਧਿਕਾਰ ਹੋਣ, ਬਾਰੇ ਵਿਚਾਰ ਪੇਸ਼ ਕੀਤੇ ਗਏ। ਇਹ ਵਿਚਾਰ ਖੇਤਰੀ *ਨੇਸ਼ਨ-ਸਟੇਟ* ਦੇ ਮਾਡਲ ਦੇ ਵਿਗਾਸ ਦਾ ਪ੍ਰਗਟਾਵਾ ਸੀ[31]। ਇਸੇ ਸਮੇਂ ਆਸਟਰੀਆ ਦੇ ਵੱਡੇ ਰਾਜਸੀ ਆਗੂ ਅਤੇ ਕਾਨੂੰਨਦਾਨ ਕਾਰਲ ਰੇਨਰ ਨੇ ਆਪਣਾ ਪ੍ਰਸਿੱਧ ਕਿਤਾਬਚਾ *ਸਟੇਟ ਅਤੇ ਨੇਸ਼ਨ* ਲਿਖ ਦਿੱਤਾ ਸੀ। ਇਹ ਉਹ ਸਮਾਂ ਸੀ ਜਦੋਂ ਯੂਰਪੀ ਕੌਮਾਂ ਨੇਸ਼ਨ-ਸਟੇਟ ਦੇ ਮਾਡਲ ਦੇ ਆਧਾਰ 'ਤੇ ਆਪਣੇ ਰਾਜ ਸਿਰਜਣ ਵੱਲ ਵੱਧ ਰਹੀਆਂ ਸਨ ਤਾਂ **ਸਿੱਖਾਂ ਦਾ ਬੋਧਿਕ ਤੇ ਰਾਜਨੀਤਿਕ ਹਿੱਸਾ ਆਪਣੇ ਆਪ ਨੂੰ ਭਾਰਤੀ ਕੌਮ** ਦਾ

ਹਿੱਸਾ ਹੋਣ ਦਾ ਐਲਾਨ ਕਰ ਰਿਹਾ ਸੀ। ਗਦਰ ਪਾਰਟੀ ਦੇ ਸੰਵਿਧਾਨ ਦੀਆਂ ਧਾਰਾਵਾਂ ਦੋ ਅਤੇ ਤਿੰਨ ਵਿਚ ਇੰਡੀਆ ਨੂੰ ਸਪਸ਼ਟ ਤੌਰ 'ਤੇ ਨੇਸ਼ਨ ਲਿਖਿਆ ਗਿਆ ਹੈ[32]। *ਸਿੱਖਾਂ ਨੂੰ ਭਾਰਤੀ ਨੇਸ਼ਨ ਦਾ ਹਿੱਸਾ ਬਣਾਉਣ ਵਾਲਾ ਲਾਲਾ ਹਰਦਿਆਲ ਪੱਛਮੀ ਰਾਸ਼ਟਰਵਾਦੀ ਵਿਚਾਰਧਾਰਾ ਦਾ ਜਾਣੂੰ ਸੀ।* ਉਸ ਨੇ ਆਪਣੇ ਇਸੇ ਗਿਆਨ ਦਾ ਪ੍ਰਗਟਾਵਾ ਕਰਦਿਆਂ ਲਿਖਿਆ ਹੈ, '' ਮੈਜ਼ਿਨੀ ਦੀ ਭੂਮਿਕਾ ਪਹਿਲਾਂ ਆਵੇਗੀ, ਫੇਰ ਗੈਰੀਬਾਲਡੀ ਤੇ ਕੈਵਰ। ਨੀਤੀ ਅਤੇ ਗਿਆਨ ਦੀ ਥਾਂ ਪਹਿਲਾਂ ਹੈ ਤੇ ਫੇਰ ਆਜ਼ਾਦੀ ਦੀ ਥਾਂ ਹੈ[33]।'' ਸਿੱਖਾਂ ਦਾ ਬੌਧਿਕ ਹਿੱਸਾ ਇਸ ਗਿਆਨ ਦੇ ਮੁਕਾਬਲੇ **ਰਾਸ਼ਟਰਵਾਦ** ਨੂੰ ਪੂਰੇ ਅੰਗਰੇਜ਼ ਕਾਲ ਦੌਰਾਨ ਕਦੇ ਵੀ ਨਾ ਸਮਝ ਸਕਿਆ। ਸਿੱਖਾਂ ਨੂੰ ਰਾਜਨੀਤਿਕ ਤੌਰ 'ਤੇ ਵਿਕਸਤ ਨਾ ਹੋਣ ਦੇਣ ਦੀ ਹਿੰਦੂ ਰਾਸ਼ਟਰਵਾਦੀਆਂ ਦੀ ਨੀਤੀ ਪੂਰੇ ਅੰਗਰੇਜ਼ੀ ਕਾਲ ਦੌਰਾਨ ਸਫ਼ਲਤਾ ਨਾਲ ਲਾਗੂ ਕੀਤੀ ਗਈ। ਆਰੀਆ ਸਮਾਜ ਦੇ ਹਿੰਦੂ ਰਾਸ਼ਟਰਵਾਦੀ ਆਗੂ ਸਿੱਖਾਂ ਵਿਚ ਕੌਮੀ ਅਤੇ ਬੌਧਿਕ ਵਿਕਾਸ ਦੀਆਂ ਭਾਵਨਾਵਾਂ ਦੇ ਵਿਕਾਸ ਨੂੰ ਰੋਕਣ ਲਈ ਕਾਂਗਰਸੀ ਰਾਸ਼ਟਰਵਾਦੀਆਂ ਨਾਲ ਮਿਲ ਕੇ ਚੱਲ ਰਹੇ ਸਨ। 1894 ਤੋਂ ਬਾਅਦ ਆਰੀਆ ਸਮਾਜ ਅਤੇ ਕਾਂਗਰਸੀਆਂ ਵਿਚਕਾਰ ਸਹਿਯੋਗ ਵਿਚ ਵਾਧਾ ਹੋਇਆ। ਸੰਨ 1900 ਵਿਚ ਬ੍ਰਿਟਿਸ਼ ਸਰਕਾਰ ਵੱਲੋਂ ਲੈਂਡ ਏਲੀਨੇਸ਼ਨ ਐਕਟ ਪੰਜਾਬ ਵਿਚ ਲਾਗੂ ਕੀਤਾ ਗਿਆ ਜੋ ਹਿੰਦੂ ਸ਼ਾਹੂਕਾਰਾਂ ਨੂੰ ਪੰਜਾਬੀ ਸਿੱਖਾਂ ਅਤੇ ਮੁਸਲਮਾਨ ਕਿਸਾਨਾਂ ਦੀਆਂ ਜ਼ਮੀਨਾਂ ਨੂੰ ਪੱਕੇ ਤੌਰ 'ਤੇ ਕੁਰਕ ਕਰਨ 'ਤੇ ਰੋਕ ਲਾਉਂਦਾ ਸੀ। ਕਾਂਗਰਸ ਨੂੰ ਸਿੱਖ ਕਿਸਾਨੀ ਦੇ ਅੰਗਰੇਜ਼ਾਂ ਪ੍ਰਤੀ ਵਫ਼ਾਦਾਰ ਹੋਣ 'ਤੇ ਹਿੰਦੂ ਸ਼ਾਹੂਕਾਰਾਂ ਦੇ ਹੱਕਾਂ ਦਾ ਡਰ ਸਤਾ ਰਿਹਾ ਸੀ। ਪਰ ਪੰਜਾਬ ਵਿਚ ਕਾਂਗਰਸ ਇਸ ਸਮੇਂ ਰਾਜਸੀ ਤੌਰ ਤੇ ਕਮਜ਼ੋਰ ਧਿਰ ਸੀ। ਇਸ ਕਾਨੂੰਨ ਨੇ ਪੰਜਾਬ ਵਿਚ ਸਿੱਖ ਅਤੇ ਮੁਸਲਮਾਨ ਕਿਸਾਨੀ ਨੂੰ ਸ਼ਹਿਰੀ ਹਿੰਦੂ ਸ਼ਾਹੂਕਾਰਾਂ ਦੇ ਵਿਰੋਧ ਵਿਚ ਖੜ੍ਹਾ ਕਰ ਦਿੱਤਾ ਸੀ[34]। ਇਸ ਵਰਤਾਰੇ ਨੇ ਆਰੀਆ ਸਮਾਜ ਅਤੇ ਕਾਂਗਰਸ ਆਗੂਆਂ ਨੂੰ ਰਾਜਸੀ ਤੌਰ 'ਤੇ ਏਕਾ ਕਰਨ ਲਈ ਮਜਬੂਰ ਕਰ ਦਿੱਤਾ। ਸੰਨ 1899 ਵਿਚ ਆਰੀਆ ਸਮਾਜ ਦੇ ਆਗੂਆਂ ਜੇਇਸ਼ੀ ਰਾਮ ਅਤੇ ਹਰਕਿਸ਼ਨ ਲਾਲ, ਜੋ ਕਿ ਟ੍ਰਿਬਿਊਨ ਦਾ ਟਰੱਸਟੀ ਵੀ ਸੀ, ਨੇ 1900 ਵਿਚ ਕਾਂਗਰਸ ਨੂੰ ਲਾਹੌਰ ਵਿਚ ਸੈਸ਼ਨ ਕਰਨ ਲਈ ਸੱਦਾ ਭੇਜਿਆ। ਇਸ ਸੱਦੇ ਦਾ ਮਕਸਦ ਜ਼ਮੀਨੀ ਕਾਨੂੰਨ ਦੇ ਵਿਰੋਧ ਵਿਚ ਏਕੇ ਦਾ ਸੁਨੇਹਾ ਦੇਣਾ ਸੀ। ਇਸ ਤੋਂ ਬਾਅਦ ਆਰੀਆ ਸਮਾਜ ਦੇ ਆਗੂਆਂ ਨੇ ਕਾਂਗਰਸ ਦੀ ਪੰਜਾਬ ਪ੍ਰਦੇਸ਼ ਕਮੇਟੀ 'ਤੇ ਇੱਕ ਤਰਾਂ ਕਬਜ਼ਾ ਜਮਾ ਲਿਆ। ਕਾਂਗਰਸ ਦੇ ਸੈਸ਼ਨਾਂ ਵਿਚ ਪੰਜਾਬ ਦੇ ਆਰੀਆ ਸਮਾਜੀ ਆਗੂਆਂ ਦੀ ਸ਼ਮੂਲੀਅਤ 1899 ਵਿਚ 39 ਫੀਸਦੀ ਸੀ ਤੇ 1906 ਵਿਚ 63 ਫੀਸਦੀ ਤੱਕ ਪਹੁੰਚ ਗਈ[35]। ਹਿੰਸਾ ਨੂੰ ਭੜਕਾਉਣ ਲਈ ਸ਼ਹਿਰੀ ਮੱਧ ਵਰਗੀ ਵਰਗ, ਜਿਸ ਦੀ ਅਗਵਾਈ ਲਾਲਾ ਲਾਜਪਤ ਰਾਏ ਅਤੇ ਅਜੀਤ ਸਿੰਘ ਕਰ ਰਹੇ ਸਨ, ਨੂੰ ਪੇਂਡੂ ਖੇਤਰਾਂ ਅਤੇ ਕਿਸਾਨਾਂ ਵਿਚ ਗੁੱਸਾ ਫੈਲਾਉਣ ਲਈ ਵਰਤਿਆ ਗਿਆ[36]। **ਸਿੱਖਾਂ ਨੂੰ ਹਿੰਸਾ ਫੈਲਾਉਣ ਦੇ ਆਹਰੇ ਲਾਈ ਰੱਖਣ** ਦੀ ਇਹ ਨੀਤੀ ਭਾਰਤੀ ਰਾਸ਼ਟਰਵਾਦੀਆਂ ਵੱਲੋਂ ਲਗਾਤਾਰ ਵਰਤੀ ਗਈ। 1892 ਈ. ਵਿਚ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪਣਪ ਰਹੀ ਸਿੱਖਾਂ ਦੀ ਬੌਧਿਕ ਪੀੜ੍ਹੀ ਨੂੰ ਜਿਸ ਰਾਸ਼ਟਰਵਾਦੀ ਨੀਤੀ ਰਾਹੀਂ ਭਾਰਤੀ ਕੌਮ ਦਾ ਹਿੱਸਾ ਬਣਾਇਆ ਗਿਆ, ਇਹ ਸੋਚ ਕਾਬੂ ਕਰਨ ਦੀ ਮਾਨਸਿਕ ਗੁਲਾਮੀ ਦਾ ਜਸ਼ਨ ਮਨਾਉਣ ਦੀ ਵਿਧੀ ਦੀ ਬਾ ਕਮਾਲ ਵਰਤੋ ਸੀ। ਸੰਨ 1900 ਤੋਂ ਲੈ ਕੇ 1920 ਤੱਕ ਭਾਰਤੀ ਰਾਸ਼ਟਰਵਾਦੀਆਂ ਨੇ ਖ਼ਾਲਸਾ ਕਾਲਜ ਦੇ ਸਿੱਖ ਅਧਿਆਪਕਾਂ ਦੀ ਮਾਨਸਿਕਤਾ ਨੂੰ ਤਾਂ ਕਾਬੂ ਕਰ ਹੀ ਲਿਆ ਸੀ ਪਰ ਨਾਲ ਹੀ ਚੀਫ਼ ਖ਼ਾਲਸਾ ਦਿਵਾਨ ਦੀ ਅੰਗਰੇਜ਼ਾਂ ਨਾਲ ਸਹਿਯੋਗ ਕਰਕੇ ਫਾਇਦੇ ਲੈਣ ਦੀ ਕੂਟਨੀਤੀ ਨੂੰ ਸਿੱਖਾਂ ਵਿਚ ਹੀ ਅਸਫ਼ਲ ਕਰ ਦਿੱਤਾ ਸੀ। ਕਾਂਗਰਸ ਵੱਲੋਂ ਤਿਆਰ ਕੀਤੀ ਗਈ ਭਾਰਤੀ ਰਾਸ਼ਟਰਵਾਦੀ ਸਿੱਖ ਅਗਵਾਈ (ਜਿਸ ਵਿਚ ਸਰਦੂਲ ਸਿੰਘ ਕਵੀਸ਼ਰ, ਜਸਵੰਤ ਸਿੰਘ ਝਬਾਲ ਤੇ ਉਸਦਾ ਭਰਾ ਅਤੇ ਮੰਗਲ ਸਿੰਘ ਗਿੱਲ ਆਦਿ ਸ਼ਾਮਲ ਸਨ) ਨੇ ਸੈਂਟਰਲ ਸਿੱਖ ਲੀਗ ਬਣਾ ਕੇ ਚੀਫ਼ ਖ਼ਾਲਸਾ ਦੀਵਾਨ ਦੀ ਅਗਵਾਈ ਨੂੰ ਬੇ ਅਸਰ ਕਰ ਦਿੱਤਾ ਸੀ। ਸੰਨ 1921 ਤੱਕ ਕਾਂਗਰਸ ਇਹਨਾਂ ਭਾਰਤੀ ਰਾਸ਼ਟਰਵਾਦੀ ਸਿੱਖਾਂ ਰਾਹੀਂ ਪੰਥਕ ਰਾਜਨੀਤੀ 'ਤੇ ਕਾਬਜ਼ ਹੋ ਗਈ ਸੀ। ਨੇਸ਼ਨ ਸਟੇਟ ਦੇ ਵਿਗਾਸ ਅਮਲ ਵਿਚ ਕੌਮੀ, ਬੌਧਿਕ ਅਤੇ ਰਾਜਨੀਤਿਕ ਇਲੀਟ ਦਾ ਵੱਡਾ ਯੋਗਦਾਨ ਹੁੰਦਾ ਹੈ। ਸਿੱਖਾਂ ਦੀ ਧਾਰਮਿਕ ਅਗਵਾਈ ਦਾ ਲਗਭਗ

ਸਨਾਤਨੀਕਰਨ ਹੋ ਚੁੱਕਾ ਸੀ। ਦੂਜੇ ਪਾਸੇ ਬੌਧਿਕ ਅਗਵਾਈ ਦੇ ਦੋ ਹਿੱਸੇ ਸਨ। ਪਹਿਲੇ ਅਕਾਦਮਿਕ ਇਲੀਟ ਭਾਰਤੀ ਰਾਸ਼ਟਰਵਾਦੀ ਲਹਿਰ ਦੇ ਪੁਰਜ਼ੇ ਬਣ ਚੁੱਕੇ ਸਨ, ਦੂਜੇ ਹਿੱਸੇ ਵਿੱਚ ਗਿਆਨੀ ਦਿੱਤ ਸਿੰਘ ਵਰਗੇ ਪੰਥਕ ਵਿਦਵਾਨ ਸਨ ਜੋ ਸੱਚੇ ਪੰਥ ਪ੍ਰਸਤ ਸਨ ਅਤੇ ਸਿੱਖ ਪਛਾਣ ਦੇ ਸਨਾਤਨੀ ਕਰਨ ਵਿਰੁੱਧ ਡੱਟ  ਕੇ ਲੜ ਰਹੇ ਸਨ। ਇਹ ਆਰੀਆ ਸਮਾਜੀ ਅਤੇ ਭਾਰਤੀ ਰਾਸ਼ਟਰਵਾਦੀਆਂ ਲਈ ਰਾਜਸੀ ਚਿੰਤਾ ਦਾ ਵਿਸ਼ਾ ਸਨ। ਭਾਰਤੀ ਰਾਸ਼ਟਰਵਾਦੀ ਸਮਝਦੇ ਸਨ ਕਿ ਕੌਮੀ ਇਲੀਟ, ਕੌਮੀ ਏਕੇ ਅਤੇ ਕੌਮੀ ਤਾਕਤ ਨੂੰ ਵਰਤ ਕੇ ਆਪਣੀ ਕੌਮ ਦੇ ਰਾਜਨੀਤਿਕ , ਆਰਥਿਕ, ਪਦਾਰਥਕ ਅਤੇ ਸੱਭਿਆਚਾਰਕ ਹਿੱਤਾਂ ਦੀ ਪ੍ਰਾਪਤੀ ਲਈ ਕੌਮੀ ਆਜ਼ਾਦੀ ਸਵੈ ਸਰਕਾਰ ਅਤੇ ਕੌਮੀ ਤਰੱਕੀ ਲਈ ਕੌਮ ਨੂੰ ਯਤਨਸ਼ੀਲ ਕਰ ਸਕਦੇ ਹਨ[37]। ਭਾਰਤੀ ਰਾਸ਼ਟਰਵਾਦੀਆਂ ਨੇ ਸਿੰਘ ਸਭਾ ਲਹਿਰ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਬੌਧਿਕ ਅਤੇ ਰਾਜਨੀਤਿਕ ਆਗੂਆਂ , ਜੋ ਅੰਗਰੇਜ਼ ਸਰਕਾਰ ਨਾਲ ਕੂਟਨੀਤਿਕ ਸਬੰਧ ਬਣਾ ਕੇ ਚੱਲ ਰਹੇ ਸਨ, ਨੂੰ ਸਿੱਖ ਸਫ਼ਾ ਵਿਚ ***ਟੋਡੀ, ਗੱਦਾਰ, ਅੰਗਰੇਜ਼ਾਂ ਦੇ ਮਾਮੇ*** ਵਰਗੇ ਘਟੀਆ ਲਫ਼ਜ਼ ਵਰਤ ਕੇ ਬਦਨਾਮ ਕੀਤਾ ਅਤੇ ਸੈਂਟਰਲ ਸਿੱਖ ਲੀਗ ਰਾਹੀਂ ਆਪਣੇ ਰਾਜਨੀਤਿਕ ਏਜੰਟਾਂ ਨੂੰ ਸਿੱਖ ਰਾਜਨੀਤਿਕ ਆਗੂਆਂ ਵਜੋਂ ਥਾਪਣ ਵਿਚ ਕਾਮਯਾਬ ਹੋ ਗਏ। ਚੀਫ਼ ਖ਼ਾਲਸਾ ਦੀਵਾਨ ਦੇ ਆਗੂ ਪੰਜਾਬ ਦੀ ਵਿਧਾਨ ਸਭਾ (Legislative Council) ਵਿਚ ਸਿੱਖਾਂ ਲਈ ਵੱਧ ਰਾਖਵੀਂਆਂ ਸੀਟਾਂ ਦੀ ਮੰਗ ਕਰ ਰਹੇ ਸਨ। ਇਸ ਸਮੇਂ ਸੈਂਟਰਲ ਸਿੱਖ ਲੀਗ ਦੀ ਨੀਂਹ ਰੱਖੀ ਗਈ। ਜਿਸ ਥਾਂ 'ਤੇ ਸੈਂਟਰਲ ਸਿੱਖ ਲੀਗ ਦੀ ਨੀਂਹ ਰੱਖੀ ਗਈ ਉਹ ਪੰਜਾਬ ਪ੍ਰੋਵਿੰਸ਼ੀਅਲ ਕਾਂਗਰਸ ਦੇ ਦਫ਼ਤਰ ਦੀ ਇਮਾਰਤ ਬਰਾਡਲਾਅ ਹਾਲ ਸੀ। ਸੰਨ 1919 ਤੋਂ ਬਾਅਦ ਕੌਮੀ ਚੇਤਨਤਾ ਤੋਂ ਸੱਖਣੇ ਸਿੱਖ ਭਾਰਤੀ ਰਾਸ਼ਟਰਵਾਦੀ ਅਗਵਾਈ ਵੱਲ ਪੂਰੀ ਤਰਾਂ ਉਲਾਰ ਹੋ ਗਏ। ਮਹਾਤਮਾ ਗਾਂਧੀ ਨੇ ਸਿੱਖਾਂ ਦੀ ਮਾਨਸਿਕਤਾ ਨੂੰ ਪੂਰੀ ਤਰਾਂ ਕਾਬੂ ਕਰ ਲਿਆ। ਸਿੱਖਾਂ ਨੂੰ ਇਹ ਜਚਾ ਦਿੱਤਾ ਗਿਆ ਕਿ ਚੀਫ਼ ਖ਼ਾਲਸਾ ਦੀਵਾਨ ਦੀ ਪੰਜਾਬ ਵਿਧਾਨ ਕੌਂਸਲ ਵਿਚ ਵੱਧ ਰਾਖਵੀਂਆਂ ਸੀਟਾਂ ਮੰਗਣ ਦੀ ਨੀਤੀ ਦਾ ਕੋਈ ਅਰਥ ਨਹੀਂ ਹੈ। ਦਸੰਬਰ 1919 ਵਿਚ ਕਾਂਗਰਸ ਨੇ ਖੜਕ ਸਿੰਘ, ਸਰਦੂਲ ਸਿੰਘ ਕਵੀਸ਼ਰ, ਤਿੰਨ ਝਬਾਲ ਭਰਾਵਾਂ ਅਤੇ ਮੰਗਲ ਸਿੰਘ ਗਿੱਲ ਰਾਹੀਂ ਚੀਫ਼ ਖ਼ਾਲਸਾ ਦੀਵਾਨ ਦੀ ਅਗਵਾਈ ਦਾ ਖ਼ਾਤਮਾ ਕਰ ਦਿੱਤਾ। ਇਹਨਾਂ ਆਗੂਆਂ ਦਾ ਮੁੱਖ ਕੰਮ ਸਿੱਖਾਂ ਨੂੰ ਭਾਰਤੀ ਰਾਸ਼ਟਰਵਾਦੀ ਲਹਿਰ ਅਤੇ ਮਹਾਤਮਾ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਅਸਹਿਯੋਗ ਦੀ ਲਹਿਰ ਦਾ ਹਿੱਸਾ ਬਣਾਉਣਾ ਸੀ। ਜਸਵੰਤ ਸਿੰਘ ਝਬਾਲ ਨੇ ਇੱਕ ਲਿਖਤ ਵਿਚ ਸਿੱਖਾਂ ਨੂੰ ਅਪੀਲ ਕੀਤੀ ਸਿੱਖ ਭਰਾਵਾਂ ਨੂੰ ਮਹਾਤਮਾ ਗਾਂਧੀ ਦੇ ਫੈਸਲੇ ਨੂੰ ਮੰਨਣਾ ਚਾਹੀਦਾ ਹੈ ਅਤੇ ਸਿੱਖ ਲੀਗ ਨਾਲ ਜੁੜਨਾ ਚਾਹੀਦਾ ਹੈ[37]। ਸਰਦੂਲ ਸਿੰਘ ਕਵੀਸ਼ਰ ਕਾਂਗਰਸ ਦੇ ਸਭ ਤੋਂ ਨੇੜੇ ਸੀ ਜਿਸ ਨੇ 1919 ਵਿਚ  ਲਾਹੌਰ ਕਾਂਗਰਸ ਸੈਸ਼ਨ ਵਿਚ ਸ਼ਮੂਲੀਅਤ ਕੀਤੀ। ਉਸ ਨੇ ਸਿੱਖ ਆਗੂਆਂ ਨੂੰ ਕਾਂਗਰਸ ਦੇ ਵੱਧ ਤੋਂ ਵੱਧ ਨੇੜੇ ਲਿਆਂਦਾ। ਅਕਤੂਬਰ 1920 ਤੱਕ ਖੜਕ ਸਿੰਘ ਨੂੰ ਸੈਂਟਰਲ ਸਿੱਖ ਲੀਗ ਦਾ ਪ੍ਰਧਾਨ ਬਣਾ ਕੇ ਅਤੇ ਖੁਦ ਜਨਰਲ ਸਕੱਤਰ ਬਣ ਕੇ ਇਸ ਨੇ ਚੀਫ਼ ਖ਼ਾਲਸਾ ਦੀਵਾਨ ਦੀ ਅਗਵਾਈ ਦਾ ਭੋਗ ਪਾ ਦਿੱਤਾ।

## 10 ਸਿਆਸੀ ਕੰਗਾਲੀ

ਸਿੱਖ ਸੈਂਟਰਲ ਲੀਗ ਦੇ ਕਾਂਗਰਸੀ ਏਜੰਟ ਆਗੂਆਂ ਨੇ ਗੁਰਦੁਆਰਾ ਸੁਧਾਰ ਲਹਿਰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਬਣਨ ਦੇ ਅਮਲ ਦੌਰਾਨ ਇਹਨਾਂ ਸਿੱਖ ਸੰਗਠਨਾਂ ਨੂੰ ਭਾਰਤੀ ਰਾਸ਼ਟਰਵਾਦੀ ਨੀਤੀ ਅਨੁਸਾਰ ਸੰਗਠਿਤ ਕਰਨ ਵਿਚ ਗੁੱਝੀ ਭੂਮਿਕਾ ਨਿਭਾਈ। ਸਰਦੂਲ ਸਿੰਘ ਕਵੀਸ਼ਰ ਅਤੇ ਮੰਗਲ ਸਿੰਘ ਗਿੱਲ ਪੰਜਾਬ ਕਾਂਗਰਸ ਵਿਚ ਸ਼ਾਮਲ ਹੋ ਕੇ ਗੁਰਦੁਆਰਾ ਸੁਧਾਰ ਲਹਿਰ ਨੂੰ ਅਸਹਿਯੋਗ ਅੰਦੋਲਨ ਦਾ ਹਿੱਸਾ ਬਨਾਉਣ ਲਈ ਕੰਮ ਕਰਦੇ ਰਹੇ। ਕਾਂਗਰਸ ਦੇ ਭਾਰਤੀ ਰਾਸ਼ਟਰਵਾਦੀ ਆਗੂਆਂ ਵੱਲੋਂ ਇਸ ਤੋਂ ਇਲਾਵਾ ਅਕਾਲੀ ਸਹਾਇਕ ਬਿਊਰੋ ਰਾਹੀਂ ਵੀ ਗੁਰਦੁਆਰਾ ਸੁਧਾਰ ਲਹਿਰ ਦੇ ਨੀਤੀ ਅਮਲ ਨੂੰ ਕਾਬੂ ਕਰਨ ਵਿਚ ਵੱਡੀ ਸਫ਼ਲਤਾ ਹਾਸਿਲ ਕੀਤੀ।  ਸਿੱਖ ਸੈਂਟਰਲ ਲੀਗ ਦੇ ਆਗੂ, ਕਾਂਗਰਸੀ ਨੀਤੀ ਨੂੰ ਗੁਰਦੁਆਰਾ ਸੁਧਾਰ ਲਹਿਰ ਦੀ ਰਾਜਨੀਤਿਕ ਭਾਵਨਾ ਰਾਹੀਂ ਲਾਗੂ ਕਰਦੇ ਰਹੇ ਜਿਸ ਦਾ ਮਕਸਦ

ਸਿੱਖਾਂ ਨੂੰ ਮਾਨਸਿਕ ਤੌਰ ’ਤੇ ਭਾਰਤੀ ਰਾਸ਼ਟਰ ਅਤੇ ਨੇਸ਼ਨ ਦਾ ਹਿੱਸਾ ਬਣਾਉਣਾ ਸੀ। ਚਾਬੀਆਂ ਦਾ ਮੋਰਚਾ, ਗੁਰੂ ਕੇ ਬਾਗ ਦੇ ਮੋਰਚੇ ਦਾ ਖ਼ੂਨ ਖ਼ਰਾਬਾ ਅਤੇ ਜੈਤੋ ਦੇ ਮੋਰਚੇ ਵਿਚ ਅਖੰਡ ਪਾਠ ਦੀ ਨੀਤੀ ਇਸੇ ਅਮਲ ਦਾ ਹਿੱਸਾ ਸੀ। ਕਾਂਗਰਸੀ ਰਾਸ਼ਟਰਵਾਦੀਆਂ ਵੱਲੋਂ ਪਹਿਲੀ ਕੂਟਨੀਤੀ, ਜਿਸ ਅਨੁਸਾਰ **ਸਿੱਖਾਂ ਨੂੰ ਲਗਾਤਾਰ ਹਿੰਸਕ ਕਾਰਵਾਈਆਂ ਦੇ ਆਹਰੇ ਲਾ ਕੇ ਇਹਨਾਂ ਵਿਚ ਕੌਮੀ ਚੇਤਨਾ ਪੈਦਾ ਹੋਣ ਤੋਂ ਰੋਕਣਾ** ਸ਼ਾਮਿਲ ਸੀ, ਨੂੰ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਫ਼ਲਤਾ ਸਹਿਤ ਲਾਗੂ ਕੀਤਾ ਗਿਆ। ਇਹ ਇੱਕ ਪੱਕਾ ਤੱਥ ਹੈ ਕਿ ਜੇ ਸੈਂਟਰਲ ਸਿੱਖ ਲੀਗ ਦੇ ਕਾਂਗਰਸੀ ਪੱਖੀ ਆਗੂ ਸਿੱਖਾਂ ਨੂੰ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਭਾਰਤੀ ਰਾਸ਼ਟਰਵਾਦੀ ਲਹਿਰ ਦੇ ਟੀਚਿਆਂ ਦੀ ਪ੍ਰਾਪਤੀ ਲਈ ਨਾ ਵਰਤਦੇ ਹੁੰਦੇ ਤਾਂ ਅੰਗਰੇਜ਼ ਸਰਕਾਰ ਨਾਲ ਕੂਟਨੀਤਿਕ ਗੱਲਬਾਤ ਰਾਹੀਂ ਗੁਰਦੁਆਰਿਆਂ ਦੇ ਪ੍ਰਬੰਧ ਦਾ ਬਿਨਾ ਹਿੰਸਾ ਅਤੇ ਕੁੱਟ ਮਾਰ ਦੇ ਸਾਰਥਕ ਹੱਲ ਨਿਕਲ ਸਕਦਾ ਸੀ[38]।

ਇਸੇ ਤਰਾਂ ਮੰਗਲ ਸਿੰਘ ਗਿੱਲ ਨੇ 1928 ਵਿਚ **ਨਹਿਰੂ ਰਿਪੋਰਟ** ਨੂੰ ਬਿਨਾ ਕਿਸੇ ਸ਼ਰਤ ਦੇ ਮੰਨ ਲਿਆ। ਗਿੱਲ ਨੇ ਸਿੱਖਾਂ ਲਈ ਪੰਜਾਬ ਵਿਧਾਨ ਕੌਂਸਲ ਵਿਚ ਸੀਟਾਂ ਰਾਖਵੀਂਆਂ ਕਰਨ ਦਾ ਮੁੱਦਾ ਪੂਰੀ ਤਰਾਂ ਛੱਡ ਦਿੱਤਾ। ਕਾਂਗਰਸ ਵੱਲੋਂ ਗਿੱਲ ਵੱਲੋਂ ਰਾਸ਼ਟਰੀ ਹਿੱਤਾਂ ਲਈ ਕੌਮ ਦੇ ਹਿੱਤਾਂ ਨੂੰ ਕੁਰਬਾਨ ਕਰਨ ਲਈ ਉਸ ਦੀ ਸਰਾਹਣਾ ਕੀਤੀ ਗਈ ਪਰ ਮਾਸਟਰ ਤਾਰਾ ਸਿੰਘ ਨੇ ਇਸ ਰਿਪੋਰਟ ਦਾ ਵਿਰੋਧ ਕੀਤਾ। ਇਹ ਵਿਰੋਧ *ਸਿੱਖ ਕੌਮੀ ਹਿੱਤਾਂ* ਵਿਚੋਂ ਨਹੀਂ ਸੀ ਨਿਕਲਿਆ ਬਲਕਿ ਮੁਸਲਮਾਨਾਂ ਨੂੰ ਵੱਧ ਮਹੱਤਤਾ ਦੇਣ ਦਾ ਪ੍ਰਤੀਕਰਮ ਹੀ ਸੀ। ਪੰਜਾਬ ਵਿਚ ਆਰੀਆ ਸਮਾਜੀ *ਅੰਗਰੇਜ਼ੀ ਅਖ਼ਬਾਰ ‘ਦੀ ਟ੍ਰਿਬਿਊਨ’ ਨੇ ਸਿੱਖ ਆਗੂਆਂ ਵੱਲੋਂ ਨਹਿਰੂ ਰਿਪੋਰਟ ਦੇ ਵਿਰੋਧ ਕਰਨ ਦੀ ਡੱਟ ਕੇ ਨਿਖੇਧੀ ਕੀਤੀ*। ਇਸੇ ਦੌਰਾਨ ਕਾਂਗਰਸ ਨੇ *ਦਸੰਬਰ 1928 ਦੇ ਕਾਂਗਰਸ ਸੈਸ਼ਨ ਵਿਚ ਮੰਗਲ ਸਿੰਘ ਗਿੱਲ, ਸਰਦੂਲ ਸਿੰਘ ਕਵੀਸ਼ਰ ਦੇ ਨਾਲ ਨਾਲ ਹੈਰਾਨੀਜਨਕ ਘਟਨਾ ਵਜੋਂ ਨਾਮਧਾਰੀ ਆਗੂਆਂ* ਨੂੰ ਸੱਦਾ ਭੇਜਿਆ[39]। ਇਸ ਤੋਂ ਬਾਅਦ ਜਦੋਂ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਸਿੱਖ ਰਾਜਨੀਤੀ ਥੋੜੀ ਬਹੁਤ ਸਿੱਖ ਪੱਖੀ ਹੋਈ ਤਾਂ ਸੈਂਟਰਲ ਸਿੱਖ ਲੀਗ ਦੀ ਹੋਂਦ ਦਾ ਕੋਈ ਮਤਲਬ ਨਹੀਂ ਸੀ ਰਹਿ ਗਿਆ। ਨਹਿਰੂ ਰਿਪੋਰਟ ਦੇ ਵਿਰੋਧ ਨੂੰ ਨਾ ਰੋਕ ਸਕਣ ਦੇ ਸਿੱਟੇ ਵਜੋਂ ਸੈਂਟਰਲ ਸਿੱਖ ਲੀਗ ਦਾ ਵੀ ਭੋਗ ਪਾ ਦਿੱਤਾ ਗਿਆ ਪਰ ਇਸ ਵੱਡੇ ਰਾਜਨੀਤਿਕ ਬਦਲਾਅ ਨੇ ਵੀ ਸਿੱਖ ਆਗੂਆਂ ਨੂੰ ਨਹਿਰੂ ਰਿਪੋਰਟ ਵਿਚ ਸਿਰਜੀ ਗਈ ਭਾਰਤੀ ਨੇਸ਼ਨ ਸਟੇਟ ਦੇ ਰਾਸ਼ਟਰਵਾਦੀ ਖ਼ਾਸੇ ਦੀ ਕਦੇ ਵੀ ਸਮਝ ਨਾ ਪਈ। ਸਿੱਖ ਆਗੂ ਦੇਸ਼ ਅਤੇ ਕੌਮ ਦੇ ਸੰਬੰਧਾਂ ਬਾਰੇ ਕਦੇ ਵੀ ਚੇਤੰਨ ਨਾ ਹੋਏ। ਜੈਤੋ ਮੋਰਚੇ ਦੌਰਾਨ 8 ਅਪ੍ਰੈਲ 1924 ਵਿਚ ਅਕਾਲੀ ਸਹਾਇਕ ਬਿਊਰੋ ਨੇ ਸੈਂਟਰਲ ਸਿੱਖ ਲੀਗ ਦੇ ਪ੍ਰਧਾਨ ਮੰਗਲ ਸਿੰਘ ਗਿੱਲ ਦਾ ਬਿਆਨ ਛਾਪਿਆ ਜਿਸ ਅਨੁਸਾਰ ਸਿੱਖ ਰਾਜ ਦੀ ਸਿਰਜਣਾ ਦਾ ਵਿਚਾਰ ਸਿੱਖਾਂ ਵਿਚ ਕਦੇ ਵੀ ਮਹੱਤਵਪੂਰਨ ਨਹੀਂ ਰਿਹਾ। ਅਕਾਲੀ ਲਹਿਰ ਰਾਸ਼ਟਰਵਾਦੀ ਲਹਿਰ ਦੀ ਸਹਿਯੋਗੀ ਰਹੀ ਹੈ। ਸਿੱਖ ਆਪਣੇ ਹਿੰਦੂ ਅਤੇ ਮੁਸਲਮ ਭਰਾਵਾਂ ਨਾਲ ਦੇਸ਼ ਦੀ ਆਜ਼ਾਦੀ ਲਈ ਮੋਢੇ ਨਾਲ ਮੋਢਾ ਜੋੜ ਕੇ ਖੜੇ ਹਨ[40]। ਇਥੋਂ ਤਕ ਕਿ 1942 ਵਿਚ ਕਰਿਪਸ ਮਿਸ਼ਨ ਨੇ ਪਾਕਿਸਤਾਨ ਬਣਾਉਣ ਦੀ ਮੰਗ ਮੰਨਣ ਵੱਲ ਲਗਭਗ ਪੱਕਾ ਇਸ਼ਾਰਾ ਕਰ ਦਿੱਤਾ ਸੀ ਤਾਂ ਵੀ ਸਿੱਖ ਆਗੂਆਂ ਨੂੰ ਸਿੱਖ ਹਿੱਤਾਂ ਨਾਲੋਂ ਭਾਰਤ ਦੇਸ਼ ਦੀ ਅਖੰਡਤਾ ਦਾ ਜਿਆਦਾ ਫ਼ਿਕਰ ਸੀ[41]। ਸੰਨ 1942 ਵਿਚ ਸਰ ਸਟੇਫੋਰਡ ਕ੍ਰਿਪਸ ਨੇ *ਸਿੱਖਾਂ ਨੂੰ ਅੰਮ੍ਰਿਤਸਰ ਜ਼ਿਲ੍ਹੇ ਨੂੰ ਰਾਜਸੀ ਸੱਤਾ ਦਾ ਕੇਂਦਰ ਬਣਾਉਣ ਦਾ ਸੁਝਾਅ ਇੱਕ ਵੱਡਾ ਰਾਜਨੀਤਿਕ ਇਸ਼ਾਰਾ* ਸੀ ਜਿਸ ਨੂੰ ਸਿੱਖ ਇਲੀਟ ਨੇ ਕਦੇ ਵੀ ਨਾ ਸਮਝਿਆ। 1946 ਵਿਚ ਜਦੋਂ ਸਟੇਫੋਰਡ ਕ੍ਰਿਪਸ ਕੈਬਨਿਟ ਮਿਸ਼ਨ ਦਾ ਮੈਂਬਰ ਬਣ ਕੇ ਮੁੜ ਬ੍ਰਿਟਿਸ਼ ਇੰਡੀਆ ਆਇਆ ਤਾਂ ਉਸ ਨੇ ਬਲਦੇਵ ਸਿੰਘ ਨੂੰ **ਪਟਿਆਲਾ, ਨਾਭਾ, ਫਰੀਦਕੋਟ, ਜੀਂਦ ਅਤੇ ਕਪੂਰਥਲੇ ਦੀਆਂ ਸਿੱਖ ਸਟੇਟਾਂ ਨੂੰ ਮਿਲਾ ਕੇ ਸਿੱਖ ਸਟੇਟ** ਬਣਾਉਣ ਦਾ ਸੁਝਾਅ ਦਿੱਤਾ ਤਾਂ ਬਲਦੇਵ ਸਿੰਘ ਨੇ ਇਸ ਨੂੰ ਛੋਟਾ ਖਿੱਤਾ ਆਖ ਕੇ ਰੱਦ ਕਰ ਦਿੱਤਾ[42]। ਇੱਥੇ ਇਹ ਤੱਥ ਮਹੱਤਵਪੂਰਨ ਹੈ ਕਿ ਹਿੰਦੂ ਰਾਸ਼ਟਰਵਾਦੀ ਆਗੂ ਸਰਦਾਰ ਪਟੇਲ ਦੇ ਨਿੱਜੀ ਸਕੱਤਰ ਬੀ ਐਸ ਗਿਲਾਨੀ ਨੂੰ ਬਲਦੇਵ ਸਿੰਘ ਦਾ ਨਿੱਜੀ ਸਕੱਤਰ ਬਹੁਤ ਦੇਰ ਪਹਿਲਾਂ ਹੀ ਲਾ ਦਿੱਤਾ ਗਿਆ ਸੀ। ਇਸ ਅਮਲ ਦੌਰਾਨ ਭਾਵ 1850 ਤੋਂ ਲੈ ਕੇ 1947 ਤੱਕ ਸਿੱਖ ਬੌਧਿਕ

ਹਿੱਸੇ ਵੱਲੋਂ ਸਿੱਖਾਂ ਦੀ ਹੋਣੀ ਅਤੇ ਰਾਜਸੀ ਹੋਂਦ ਦਾ ਫੈਸਲਾ ਕਰਨ ਵਾਲੀ ਭਵਿੱਖ ਮੁਖੀ ਭਾਰਤੀ ਨੇਸ਼ਨ-ਸਟੇਟ ਦਾ ਕੋਈ ਅਕਾਦਮਿਕ ਵਿਸ਼ਲੇਸ਼ਣ ਨਹੀਂ ਕੀਤਾ ਗਿਆ। ਅੰਗਰੇਜ਼ਾਂ ਬਾਰੇ ਜਾਨਣ ਲਈ ਇੰਗਲੈਂਡ ਦੇ ਕੌਮਵਾਦੀ ਇਤਿਹਾਸ ਬਾਰੇ ਸਿੱਖਾਂ ਦੇ ਬੌਧਿਕ ਹਿੱਸੇ ਵਲੋਂ ਕੀਤਾ ਕੋਈ ਅਕਾਦਮਿਕ ਕੰਮ ਸਾਹਮਣੇ ਨਹੀਂ ਆਉਂਦਾ। ਇਸ ਹੱਦ ਦਰਜੇ ਦੀ ਅਕਾਦਮਿਕ ਅਤੇ ਰਾਜਨੀਤਿਕ ਕਮਜ਼ੋਰੀ ਦੇ ਸਿੱਟੇ ਵਜੋਂ ਸਿੱਖ ਨੈਸ਼ਨਲ ਘੱਟ ਗਿਣਤੀ ਦੇ ਤਾਕਤਹੀਣ ਦਰਜ਼ੇ ਤੱਕ ਨਿੱਘਰ ਗਏ।

## 11 ਸਿੱਟੇ

ਸੰਨ 1870 ਤੋਂ ਲੈ ਕੇ 1945 ਤੱਕ ਦਾ ਰਾਜਨੀਤਿਕ ਇਤਿਹਾਸ **ਨੇਸ਼ਨ-ਸਟੇਟ** ਦੇ ਰਾਜਸੀ ਮਾਡਲ ਦੇ ਵਿਗਾਸ ਦਾ ਦੌਰ ਹੈ। **ਨੇਸ਼ਨ-ਸਟੇਟ** ਦੇ ਸਿਧਾਂਤ ਨੇ ਭਾਸ਼ਾ, ਕੌਮ ਅਤੇ ਰਾਜ ਦੇ ਆਪਸੀ ਸੰਬੰਧਾਂ ਰਾਹੀਂ ਛੋਟੀਆਂ ਕੌਮਾਂ ਵੱਲੋਂ ਆਪਣੇ ਰਾਜ ਸਿਰਜਣ ਲਈ ਚੇਤਨਤਾ ਪੈਦਾ ਕੀਤੀ। ਵਿਹਾਰਕ ਤੌਰ 'ਤੇ **ਨੇਸ਼ਨ-ਸਟੇਟ** ਦੇ ਫੈਲਾਅ ਨੇ ਕੌਮਾਂਤਰੀ ਰਾਜਨੀਤਿਕ ਪ੍ਰਣਾਲੀ ਨੂੰ ਇੱਕ ਖਾਸ ਰੂਪ ਦਿੱਤਾ। ਇਸੇ ਵਿਹਾਰਕਤਾ ਦੇ ਕਾਰਨ ਪ੍ਰਭੂ ਸੱਤਾ ਅਤੇ ਪੱਕੀਆਂ ਹੱਦਾਂ ਵਾਲੇ ਖੇਤਰੀ ਰਾਜ ਸਿਰਜਣ ਦੀ ਚੇਤਨਾ ਪੈਦਾ ਹੋਈ। **ਨੇਸ਼ਨ-ਸਟੇਟ** ਦੇ ਕੌਮਾਂਤਰੀ ਫੈਲਾਅ ਕਰਕੇ ਹੀ ਬਸਤੀਵਾਦੀ ਲੋਕਾਂ ਨੂੰ ਰਾਜ ਦੀ ਸਿਰਜਣਾ ਦਾ ਅਧਿਕਾਰ ਮਿਲਿਆ। ਜਿਸ ਕਰਕੇ ਕਈ ਬਸਤੀਵਾਦ ਹੇਠਲੇ ਰਾਜਾਂ ਨੂੰ ਕੌਮਾਂਤਰੀ ਮਾਨਤਾ ਮਿਲੀ। ਇਸ ਸਮੇਂ ਦੌਰਾਨ **ਕੌਮ, ਭਾਸ਼ਾ, ਰਾਸ਼ਟਰਵਾਦ ਅਤੇ ਨੇਸ਼ਨ-ਸਟੇਟ** ਦੇ ਸਿੱਧਾਂਤਾ ਅਤੇ ਵਿਹਾਰਕਤਾ ਨੂੰ ਸਿੱਖਾਂ ਨੇ ਲਗਾਤਾਰ ਅਣਗੌਲਿਆ ਕੀਤਾ। **ਸਿੱਖ ਪੂਰੀ ਤਰਾਂ ਭਾਰਤੀ ਨੇਸ਼ਨ, ਭਾਰਤੀ ਰਾਸ਼ਟਰਵਾਦ ਅਤੇ ਭਾਰਤੀ ਬਸਤੀਵਾਦੀ ਲੋਕਾਂ ਵਜੋਂ ਉਭਰੀ ਭਾਰਤੀ ਚੇਤਨਾ ਦਾ ਹਿੱਸਾ ਬਣੇ ਰਹੇ।** ਹੈਰਾਨੀ ਦੀ ਗੱਲ ਹੈ ਕਿ ਸਿੱਖ ਮੌਜੂਦਾ ਸਮੇਂ ਤੱਕ ਵੀ ਨੇਸ਼ਨ ਸਟੇਟ ਬਾਰੇ ਜਾਨਣ, ਸਮਝਣ ਤੋਂ ਪਾਸਾ ਵੱਟ ਕੇ ਚੱਲ ਰਹੇ ਹਨ ਅਤੇ ਭਾਰਤੀ ਨੇਸ਼ਨ ਸਟੇਟ ਦੇ ਸੰਦਰਭ ਵਿੱਚ ਇਸ ਵਰਤਾਰੇ ਸਬੰਧੀ ਸਿਰਫ਼ ਟਿੱਪਣੀਆਂ ਕਰ ਰਹੇ ਹਨ। **ਪੰਜਾਬੀ ਭਾਸ਼ਾ ਐਕਟ ੧੯੬੭ ਮੌਜੂਦ ਹੋਣ ਦੇ ਬਾਵਜੂਦ ਵੀ ਪੰਜਾਬੀ ਰਾਜ ਭਾਸ਼ਾ ਨਹੀਂ ਬਣ ਸਕੀ।**

# ਹਵਾਲੇ

1. K.L. Tuteja, Hindi- Hindu discourse in late Colonia Punjab, Sage Journals, Vol. 6, no.1, May21, 2019, http://doi.org/10.1177.
2. ਮਾਤਭੂਮੀ ਜਾਂ ਵਤਨ ਦੀ ਧਾਰਨਾ ਕਿਸੇ ਖ਼ਾਸ ਖੇਤਰ ਨਾਲ ਜੁੜਾਵ ਦਾ ਰਾਸ਼ਟਰੀ ਪ੍ਰਗਟਾਵਾ ਹੈ। ਇਹ ਕਿਸੇ ਖਾਸ ਖਿੱਤੇ ਵਿੱਚ ਰਹਿਣ ਵਾਲੇ ਲੋਕਾਂ ਦੇ ਜੀਵਨ ਵਰਤਾਰਿਆਂ ਅਤੇ ਸਮਾਜਕ ਸਬੰਧਾਂ ਨੂੰ ਕਿਸੇ ਖਾਸ ਵਿਚਾਰਧਾਰਾ ਰਾਹੀਂ ਸ਼ਾਮਿਲ ਕਰਨ ਦੀ ਭਾਵਨਾ ਹੈ। ਧਰਤੀ ਦਾ ਕੋਈ ਹਿੱਸਾ ਕਿਸੇ ਮਨੁੱਖੀ ਸਮੂਹ ਲਈ ਉਸ ਸਮੇਂ ਵਤਨ ਜਾਂ ਮਾਤ ਭੂਮੀ ਬਣ ਜਾਂਦਾ ਹੈ ਜਦੋਂ ਇਹ ਸਮੂਹ ਇਸ ਖਿੱਤੇ ਨੂੰ ਆਪਣੀ ਜਨਮ ਭੂਮੀ ਅਤੇ ਆਪਣੇ ਜਨਮਦਾਤੇ ਦੀ ਭੂਮੀ ਵਜੋਂ ਮਾਨਤਾ ਦਿੰਦਾ ਹੈ। ਮਾਤਭੂਮੀ ਦੀਆਂ ਹੱਦਾਂ ਮਨੁੱਖੀ ਸਮੂਹ ਲਈ 'ਸੱਭਿਆਚਾਰਕ ਖੇਤਰ' ਬਣ ਜਾਂਦੀਆਂ ਜਿੱਥੇ ਉਨ੍ਹਾਂ ਦੇ ਪੁਰਖਿਆਂ ਨੇ ਇਤਿਹਾਸ ਰਚਿਆ ਹੁੰਦਾ ਹੈ, ਜਿਸ ਦੀ ਰਾਖੀ ਲਈ ਇਨ੍ਹਾਂ ਪੁਰਖਿਆਂ ਨੇ ਆਪਣਾ ਖ਼ੂਨ ਵਹਾਇਆ ਹੈ। ਇਸੇ ਸੱਭਿਆਚਾਰਕ ਖੇਤਰ ਨੇ ਨੇਸ਼ਨ ਨੂੰ ਕੌਮੀਅਤ ਹੋਣ ਦਾ ਅਧਾਰ ਪ੍ਰਦਾਨ ਕੀਤਾ ਹੁੰਦਾ ਹੈ। ਹੋਮਕੈਂਡ ਬਾਰੇ ਹੋਰ ਜਾਣਕਾਰੀ ਲਈ ਦੇਖੋ, Nadav G. Shelef ad Alex zhi-xiong koo, Homelands and Nationalism ', Nationalities Papers (2022), Vol.50, No. 3, PP 417,418.
3. Anthony D. Smith, "States and Homelands: The Social and Geopolitical implications of National Territory", Journal of International Studies, Vol.10 (3) , Autumn 1981, PP.187, 188.
4. ਵੇਸਟਫਲੀਆ ਸੰਧੀ 1618 ਵਿੱਚ ਸ਼ੁਰੂ ਹੋਈ ਤੀਹ ਸਾਲਾਂ ਜੰਗ ਦਾ ਸਿੱਟਾ ਸੀ। ਇਹ ਜੰਗ ਬੋਹਿਮਿਆ ਵਿੱਚ ਪ੍ਰੋਟੇਸਟੈਂਟ ਕੁਲੀਨ ਵਰਗ ਵੱਲੋਂ ਸਪੇਨ ਦੀ ਸੱਤਾ ਖ਼ਿਲਾਫ਼ ਬਗਾਵਤ ਤੋਂ ਸ਼ੁਰੂ ਹੋ ਕੇ ਲਗਭਗ ਪੂਰੇ ਮਹਾਂਦੀਪ ਵਿੱਚ ਫੈਲ ਗਈ। ਈਸਾਈ ਧਾਰਮਿਕ ਸੱਤਾ ਅਤੇ ਸਹਿਣਸ਼ੀਲਤਾ ਇਸ ਜੰਗ ਦਾ ਮੁੱਖ ਕਾਰਨ ਸੀ। ਬਾਅਦ ਵਿੱਚ ਰਾਜਵੰਸ਼ ਅਤੇ ਰਾਜਾਂ ਦੇ ਆਪਸੀ ਹਿੱਤਾਂ ਵਿਚਕਾਰ ਵਿਰੋਧ ਵੀ ਇਸ ਜੰਗ ਦੇ ਕਾਰਨ ਬਣ ਗਏ। 1648 ਵਿੱਚ ਇਸ ਜੰਗ ਦਾ ਖਾਤਮਾ ਵੇਸਟਫਲੀਆ ਸ਼ਾਂਤੀ ਸੰਧੀ ਰਾਹੀਂ ਹੋਇਆ। ਇਸ ਜੰਗ ਵਿੱਚ ਖ਼ਾਸ ਕਰ ਕੇ ਜਰਮਨ ਪ੍ਰੋਟੇਸਟੈਂਟ ਸ਼ਾਸ਼ਕ ਜੇਤੂ ਰਹੇ। ਪਵਿੱਤਰ ਰੋਮਨ ਅਤੇ ਹੇਬਸਬਰਗ ਸਾਮਰਾਜ ਦੀ ਹਾਰ ਹੋਈ। ਵੈਸਟ ਫਲੀਆ ਸੰਧੀ ਨੇ ਰਾਜਾਂ ਦੇ ਅੰਦਰੂਨੀ ਮਸਲਿਆਂ ਅਤੇ ਬਾਹਰੀ ਅਜਾਦੀ ਦੇ ਮੁੱਢਲੇ ਸਿਧਾਂਤਾਂ ਦੀ ਨੀਂਹ ਰੱਖੀ, ਇਸ ਸੰਧੀ ਨੇ ਮੌਜੂਦਾ ਕੌਮਾਂਤਰੀ ਰਾਜਨੀਤਕ ਪ੍ਰਬੰਧ ਦੇ ਕਈ ਨਿਯਮ ਅਤੇ ਰਾਜਨੀਤਕ ਅਮੁੱਲਾ ਦੇ ਵਿਕਾਸ ਲਈ ਜ਼ਮੀਨ ਤਿਆਰ ਕੀਤੀ। ਹੋਰ ਜਾਣਕਾਰੀ ਲਈ ਦੇਖੋ, Robert Jackson and Georg Sorensen, Introduction to International Relations: Theories and Approaches (Oxford University Press: New York, 2003), PP.16, 17.
5. ਇਸ ਸਮੇਂ ਦੌਰਾਨ ਯੂਰਪ ਵਿੱਚ ਕਈ ਰਾਜਾਂ ਵੱਲੋਂ ਸਾਮਰਾਜੀ ਤਾਕਤ ਸਿਰਜਣ ਦੇ ਕਈ ਯਤਨ ਹੋਏ ਜਿੰਨਾ ਨੂੰ ਵੱਖ ਵੱਖ ਯੂਰਪੀ ਰਾਜਾਂ ਵੱਲੋਂ ਸਾਂਝੀ ਤਾਕਤ ਰਾਹੀਂ ਅਸਫਲ ਕਰ ਦਿੱਤਾ ਗਿਆ। ਜਿਸ ਤਰ੍ਹਾਂ ਫਰਾਂਸ ਅਤੇ ਸਵੀਡਨ ਦੀ ਸਾਂਝੀ ਤਾਕਤ ਨੇ ਤੀਹ ਸਾਲਾਂ ਜੰਗ ਦੌਰਾਨ, ਹੈਬਸਬਰਗ ਆਸਟਰੀਅਨ ਸਾਮਰਾਜ ਨੂੰ ਹਰਾਇਆ ਗਿਆ। ਇੰਗਲੈਂਡ, ਰੂਸ, ਪਰੂਸ਼ੀਆ ਅਤੇ ਆਸਟਰੀਆ ਦੀ ਸਾਂਝੀ ਤਾਕਤ ਨੇ ਨੈਪੋਲੀਅਨ ਬੋਨਾਪਾਰਟ ਨੂੰ 1795 ਤੋਂ 1815 ਤੱਕ ਯੂਰਪ ਤੇ ਦਬਦਬਾ ਕਾਇਮ ਨਾ ਕਰਨ ਦਿੱਤਾ। 1815 ਤੋਂ ਲੈ ਕੇ 1914 ਤੱਕ ਯੂਰਪੀਅਨ ਤਾਕਤਾਂ ਵਿਚਕਾਰ ਸੰਤੁਲਨ ਕਾਇਮ ਰਿਹਾ ਪਰ 1914 ਤੋਂ ਲੇ ਕੇ 1945 ਤੱਕ ਨਾਜ਼ੀ ਜਰਮਨੀ ਦੇ ਹਿਟਲਰ ਵੱਲੋਂ ਇਸ ਰਾਜਨੀਤਕ ਸੰਤੁਲਨ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਨੂੰ ਅਮਰੀਕਾ, ਇੰਗਲੈਂਡ ਅਤੇ ਸੋਵਿਆ ਰੂਸ ਵੱਲੋਂ ਖ਼ਤਮ ਕੀਤਾ ਗਿਆ। ਸਤਾਰਵੀਂ ਸਦੀ ਤੋਂ ਬਾਅਦ ਦਾ ਇਤਿਹਾਸ ਇਹ ਦਰਸਾਉਂਦਾ ਹੈ ਕਿ ਯੂਰਪੀਅਨ ਤਾਕਤਾਂ ਨੇ ਤਾਕਤਵਰ ਰਾਜਾਂ ਨੂੰ ਕਮਜ਼ੋਰ ਰਾਜਾਂ ਨੂੰ ਦਬਾ ਕੇ ਸਾਮਰਾਜ

ਸਿਰਜਣ ਦਾ ਹਮੇਸ਼ਾ ਵਿਰੋਧ ਕੀਤਾ ਹੈ। ਸਾਬਕਾ ਸੋਵੀਅਤ ਰੂਸ ਅਤੇ ਅਮਰੀਕਾ ਦੇ ਮਹਾਨ ਤਾਕਤਾਂ ਵਜੋਂ ਉਭਾਰ ਮੌਜੂਦਾ ਕੌਮਾਂਤਰੀ ਰਾਜਨੀਤਕ ਪ੍ਰਣਾਲੀ ਦੀ ਖ਼ਾਸ ਵਿਸ਼ੇਸ਼ਤਾ ਹੈ। Ibid, P.17.

6. Donald puchala, International Politics Today ਹੋਰ ਦੇਖੋ (Harper and Row: New York, 1971), PP 30 -37, Stephen Holmes, Jean Bodin: The Paradox of Stephen Holmes, JEAN Bodin: The Paradox of Sovereignty and the Privatization of Religion, NOMOS, Vol 30, PP 0910 ਹੋਰ ਦੇਖੋ Howell A Sovereignty Bodin, Hobbes, Rousseau, Revue International De Philosophie, Vol. 45, No. 179 (4), PP, 353 – 357
7. David Rosenfeld, Rousseau's unanimous Contract and the doctrine of popular Sovereignty, History of Political Thought, Vol.8, No.1 (Spring 1987), P.83.
8. W.A. Dunning, The Political Philosophy of John Locke. Political Science Quarterly, Vol.20, No. 2 (Jun.,1905). P.23.
9. John H. Herz, Rise and Denise of the Territorial State. World Politics, Vol.9, No. 4 (July 1957), P. 484.
10. Jonathan Fox and Shmuel Sandler, Bringing Religion into International Relations (Palgrave Macmillan: No, 2004), P.25
11. Anthony D Smith, "The Sacred Dimension of Nationalism, Millenium, Vol. 29, No, 1 (2000), PP.804, 805.
12. Fox and Shmuel, No, 10. P.26.
13. Tomasz Kamusella, The Rise and Dynamics of the Normative Isomorphism of Language, Nation and State in Central Europe, Harvard Ukraine Studies Vol. 35, No. ¼ (2017 – 2028), P. 357.
14. Adrian Hastings, The Construction of Nationhood: Ethnicity Religion and Nationalism (Cambridge University Press, UK, 1997), P37. ਹੋਰ ਦੇਖੋ Venerable Bede, Ecclesiastical History of England (George Bell and Sons: London 1907), PP.15, 26. ਹੋਰ ਦੇਖੋ Windy A. Mekinney, Creating a gens Anglorum: Social and Ethnic Identity in Anglo-Saxon England through the lens of Bede's Historia Ecclesiastica, PhD Thesis, University of York, MARCH 2011, P.5.
15. Debora Helling, The Anglo – Saxon as God's chosen people, Bachelors Thesis, Faculty of Arts, University of Cambridge PP 234.
16. Michael Fordham, The Norman Conquest 1065-1087, Dynamic learning, www.hoddereducation.com .

17. Hastings, No. 14, P.43. ਹੋਰ ਦੇਖੋ Daniel Wollengberg, The Thing is grounded on story: The Danes and Medieval English Memory, Northern Studies, Vol.46, PP.81, 82.
18. Ibid, P.43
19. Ibid, P.53.
20. M.N. Pearson, Shivaji and the Decline of Mughal Empire, The Journal of Asian Studies, Vol.35, No.2 (Feb. 1976). PP. 223 – 6.
21. Indu Banga, Formation of a Regional State in Medieva India: A Study of Punjab under such rule, Proceedings of the Indian History Congress, Vol.43 (1982), PP.828, 829.
22. Ajmer Singh, Tragedy of Sikh Polity: Whither went sovereignty, (Singh Brothers: Amritsar, 2007) PP. 161-2.
23. Kahn Singh Nabha, Hum Hindu Nahin (Singh Brother: Amritsar, 1992), PP. 44 – 45.
24. Kahn Singh Nabha, Mahan Kosh (Bhasha Vibhag: Patiala; 2006), P.417.
25. J.S. Grewal and Harish C Sharma, Political change and Social Readjustment: The Case of Sikh Aristocracy under Colonian Rule in Punjab, Proceedings of the Indian History Congress, Vol.48 (1987), P.378.
26. Balwinder Kaur Bhatti, The Grantees of Dharmarth Granto's under Sikh Rule (1750-1850 A.D.), Proceedings of the Indian History Congress, Vol. 73 (2012), PP.284, 287.
27. ਸਨਾਤਨ ਸਿੱਖ ਪਰੰਪਰਾ ਬਾਰੇ ਜਿਆਦਾ ਜਾਣਕਾਰੀ ਲਈ ਦੇਖੋ Harjot Oberoi, The Construction of Religious Boundaries: Culture Identity and Diversity in Sikh Traditions (Oxford University Press: New Delhi, 1994).
28. Tuteja, No.1
29. Shymala Bhatia, Hindu Elite and The Arya Samraj Ideology and Response in the Nineteenth century Punjab, Proceedings of the Indian History Congress, Vol.52 (1991), PP.582, 583.
30. Hardev Singh Virk, A conspiracy against Punjabi language and its Gurmukhi script due to commune divide in colonial Punjab, Asia Samachar, Feb9, 2022
31. Ephraim Nimmi (ed.) National Cultural Autonom and its contemporary critics (Routledge: London, 2005) P.2.
32. J.S. Bains, The Ghadar Movement: A Golden Chapter of Indian National ISM, The Indian Journal of Political Science, Vol.23, No. ¼ (Jan – dec.1962), P.50.
33. Quoted in Harish K Puri, Revolutionary organization: A study of the Ghadar Movement, Social Scientist, Vol.9, No.2/3 (Sep – oct.,1980), P.55.
34. Ian A Talbot, The Punjab under colonialism: Order and Transformation in British India, South Asia Study P.7.

35. Norman J.Barrier, The Arya Samaj and Congress Politics in the Punjab, 1894-1908, The Journal of Asian Studies, Vol.26, No.3 (May, 1967), P.367.
36. Talbot, No.34, P.7.
37. Sukhmani Bal Riar, "The Politics and History of Central Sikh League 1919 – 1920 (Unistar Books Put Ltd: Chandigarh, 2006), PP. 25, 27.
38. Ibid, P.135.
39. J.S. Grewal, Master Tara Singh in Indian History: Colonialism, Nationalism, and the Politics of Sikh Identity.
40. M.L Ahluwalia, select documents Gurdwara Reform Movement 1919-1925: An era of Congress- Akali Collaboration (Ashoka International Publishers: New Delhi, 1085), PP 415, 416.
41. Grewal, No.39, PP. 237, 238, 239.
42. ਕਿਰਪਾਲ ਸਿੰਘ, ਪੰਜਾਬ ਦਾ ਬਟਵਾਰਾ ਅਤੇ ਸਿੱਖ ਨੇਤਾ (ਸਿੰਘ ਬ੍ਰਦਰਜ਼: ਅੰਮ੍ਰਿਤਸਰ, 2019), ਪੰਨਾ, 75.